Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact :
647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

JOSHI LAW OFFICE
Barrister, Solicitor & Notary Public
- Immigration
- Real Estate
- Commercial Law
- Affidavit
- Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

Vol 20*Issue 32 | Monday, February 15, 2021 | Tel: 905-793-2202 | Fax: 905-793-2282 | news@punjabipost.ca
To view our online newspaper visit punjabipost.ca/epaper | THE ONLY DAILY PUNJABI NEWSPAPER | ਹੁਣ ਤੁਸੀਂ 'ਪੰਜਾਬੀ ਪੋਸਟ' Onlineਰੋਜ਼ਾਨਾ ਪੜ੍ਹ ਸਕਦੇ ਹੋ

Best Insurance Rates
Auto Home Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Bath
Axxel Insurance Brokers Ltd.
Address: 1550 South Gateway Rd. Suite 220 Mississauga, ON L4W 5G6

NOW HIRING !!!
ALLKIND INSURANCE
- Life Insurance
- Critical illness Ins
- Travel & Visitor Ins
- RESP & TFSA & RRSP
- Super Visa Insurance
- Mortgage Insurance
- Disability Insurance
- Funeral Insurance
SIMRAN SAINI
416.994.7272
www.allkindinsurance.com

INSURANCE
Home | Auto
Business | Trucking
Life Insurance | Commercial
647-206-2452
Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352)
Manwinder Mangat Broker
Axxel InsuranceBrokers Ltd.
1332 Khalsa Dr, Unit # 11, Mississauga, ON L5S 0A2

SOS IMMIGRATION & SETTLEMENT SERVICES
ਸਾਡੇ ਕੋਲ ਤੁਹਾਡੀਆਂ ਸਾਰੀਆਂ ਇਮੀਗ੍ਰੇਸ਼ਨ ਮਾਮਲਿਆਂ ਦਾ ਹੱਲ ਹੈ
Student Visa / Study Permit
LMIA / Work permit
Permanent Residency
Family Sponsorship
Nanny
Visitor Visa
Business Immigration
Call us for Professional, Reliable & High Quality Services
Rahul Sagar
647-780-2022
120 Woodstream Blvd, Woodbridge, ON, L4L 7Z1
Lic # R534503

# ਵੈਕਸੀਨ ਦੀ ਘਰੇਲੂ ਉਤਪਾਦਨ ਸਮਰੱਥਾ ਨੂੰ ਵਧਾਉਣ ਲਈ ਰਣਨੀਤੀ ਤਿਆਰ ਕਰ ਰਹੀ ਹੈ ਫੈਡਰਲ ਸਰਕਾਰ : ਲੀਬਲਾਂਕ



ਓਟਵਾ, 14 ਫਰਵਰੀ (ਪੋਸਟ ਬਿਊਰੋ) : ਫੈਡਰਲ ਸਰਕਾਰ ਵੱਲੋਂ ਪ੍ਰੋਵਿੰਸਾਂ ਨੂੰ ਆਪਣੇ ਪੱਧਰ ਉੱਤੇ ਕੋਵਿਡ-19 ਵੈਕਸੀਨ ਸਪਲਾਈ ਖਰੀਦਣ ਤੋਂ ਰੋਕਣ ਦੇ ਦਾਅਵਿਆਂ ਦਰਮਿਆਨ ਇਹ ਸਾਹ-ਮਣੇ ਆਇਆ ਹੈ ਕਿ ਓਟਵਾ ਵੈਕਸੀਨ ਦੀ ਘਰੇਲੂ ਉਤਪਾਦਨ ਸਮਰੱਥਾ ਨੂੰ ਵਧਾਉਣ ਲਈ ਰਣਨੀਤੀ ਤਿਆਰ ਕਰ ਰਿਹਾ ਹੈ। ਇਸ ਸਬੰਧ ਵਿੱਚ ਫੈਡਰਲ ਅਧਿਕਾਰੀਆਂ ਵੱਲੋਂ ਰਣਨੀਤੀ ਤਿਆਰ ਕਰਨ ਲਈ ਜਲਦ ਹੀ ਪ੍ਰੋਵਿੰਸ਼ੀਅਲ ਅਧਿਕਾਰੀਆਂ ਨਾਲ ਮੁਲਾਕਾਤ ਕੀਤੀ ਜਾਵੇਗੀ। ਇਹ ਜਾਣਕਾਰੀ ਇੰਟਰਗਵਰਮੈਂਟਲ ਮਾਮਲਿਆਂ ਬਾਰੇ ਮੰਤਰੀ ਡੌਮੀਨੀਕ ਲੀਬਲਾਂਕ ਨੇ ਦਿੱਤੀ।

ਇਹ ਮੀਟਿੰਗ ਆਉਣ ਵਾਲੇ ਦਿਨਾਂ ਵਿੱਚ ਹੋਣੀ ਤੈਅ ਹੈ ਤੇ ਇਸ ਦੀ ਅਗਵਾਈ ਲੀਬਲਾਂਕ ਤੇ ਇਨੋਵੇਸ਼ਨ, ਸਾਇੰਸ ਤੇ ਇੰਡਸਟਰੀ ਮੰਤਰੀ ਫਰੈਂਕੌਇਸ ਫਿਲਿਪ ਸ਼ੈਂਪੇਨ ਵੱਲੋਂ ਕੀਤੀ ਜਾਵੇਗੀ। ਇੱਕ ਇੰਟਰਵਿਊ ਵਿੱਚ ਲੀਬਲਾਂਕ ਨੇ ਆਖਿਆ ਕਿ ਇਸ ਮੀਟਿੰਗ ਦੌਰਾਨ ਅਸੀਂ ਇਸ ਬਾਰੇ ਵਿਚਾਰ ਵਟਾਂਦਰਾ ਕਰਾਂਗੇ ਕਿ ਕੈਨੇਡਾ ਦੀ ਬਾਇਓਮੈਨੂਫੈਕਚਰਿੰਗ ਸਮਰੱਥਾ ਵਿੱਚ ਵਾਧਾ ਕਰਨ ਲਈ ਅਸੀਂ ਪ੍ਰੋਵਿੰਸਾਂ ਨਾਲ ਕਿਸ ਤਰ੍ਹਾਂ ਤਾਲਮੇਲ ਬਿਠਾਂਵਾਂਗੇ। ਉਨ੍ਹਾਂ ਆਖਿਆ ਕਿ ਅਸੀਂ ਆਪਣੀ ਇਹ ਚਿੰਤਾ ਪ੍ਰੋਵਿੰਸਾਂ ਨਾਲ ਸਾਂਝੀ ਕੀਤੀ ਹੈ ਤੇ ਇਸ ਸਬੰਧ ਵਿੱਚ ਅਸੀਂ ਜੋ ਕੁੱਝ ਵੀ ਕਰ ਸਕਦੇ ਹਾਂ ਉਹ ਕਰਨ ਲਈ ਤਿਆਰ ਹਾਂ। ਜ਼ਿਕਰਯੋਗ ਹੈ ਕਿ ਮੈਨੀਟੋਬਾ ਦੇ ਪ੍ਰੀਮੀਅਰ ਬ੍ਰਾਇਨ ਪੈਲਿਸਤਰ ਵੱਲੋਂ ਅਲਬਰਟਾ ਸਥਿਤ ਕੰਪਨੀ ਪ੍ਰੋਵੀਡੈਂਸ ਥੈਰੇਪਿਊਟਿਕਸ ਕੋਲੋਂ 2 ਮਿਲੀਅਨ ਡੋਜ਼ਾਂ ਖਰੀਦਣ ਦੇ ਫੈਸਲੇ ਤੋਂ ਬਾਅਦ ਹੀ ਇਹ ਮੁੱਦਾ ਚਰਚਾ ਦਾ ਵਿਸ਼ਾ ਬਣਿਆ। ਇਸ ਕੰਪਨੀ ਦੀ ਕੋਵਿਡ-19 ਵੈਕਸੀਨ ਦੇ ਅਜੇ ਕਲੀਨਿਕਲ ਟ੍ਰਾਇਲ ਚੱਲ ਰਹੇ ਹਨ ਤੇ ਕੰਪਨੀ ਨੇ ਮੁਲਾਂਕਣ ਲਈ ਹੈਲਥ ਕੈਨੇਡਾ ਨੂੰ ਅਜੇ ਆਪਣਾ ਡਾਟਾ ਵੀ ਜਮ੍ਹਾਂ ਨਹੀਂ ਕਰਵਾਇਆ ਹੈ।

ਇਸ ਦੌਰਾਨ ਪੈਲਿਸਤਰ ਨੇ ਸਪਸ਼ਟ ਕੀਤਾ ਕਿ ਉਨ੍ਹਾਂ ਵੱਲੋਂ ਇਹ ਕਦਮ ਅਹਿਤਿਆਤਨ ਚੁੱਕਿਆ ਜਾ ਰਿਹਾ ਸੀ ਤਾਂ ਕਿ ਜੇ ਫੈਡਰਲ ਵੰਡ ਵਿੱਚ ਅਗਾਂਹ ਵੀ ਕੋਈ ਵਿਘਨ ਪੈਂਦਾ ਹੈ ਤਾਂ ਉਨ੍ਹਾਂ ਕੋਲ ਭਵਿੱਖ ਲਈ ਕੋਈ ਬਦਲ ਜ਼ਰੂਰ ਹੋਵੇ। ਉਨ੍ਹਾਂ ਆਖਿਆ ਕਿ ਮੈਨੀਟੋਬਾ ਨੂੰ ਅਜਿਹੀ ਕਿਸੇ ਵੀ ਫਰਮ ਤੋਂ ਵਾਧੂ ਵੈਕਸੀਨ ਖਰੀਦਣ ਤੋਂ ਰੋਕ ਦਿੱਤਾ ਗਿਆ ਹੈ ਜਿਸ ਦਾ ਫੈਡਰਲ ਸਰਕਾਰ ਨਾਲ ਕਰਾਰ ਹੋਇਆ ਹੋਵੇ।

ਪਰ ਲੀਬਲਾਂਕ ਨੇ ਇਸ ਗੱਲ ਤੋਂ ਇਨਕਾਰ ਕੀਤਾ ਹੈ ਕਿ ਫੈਡਰਲ ਸਰਕਾਰ ਵੱਲੋਂ ਪ੍ਰੋਵਿੰਸਾਂ ਨੂੰ ਆਪਣੇ ਪੱਧਰ ਉੱਤੇ ਵੈਕਸੀਨ ਦਾ ਪ੍ਰਬੰਧ ਕਰਨ ਤੋਂ ਰੋਕਿਆ ਹੈ। ਉਨ੍ਹਾਂ ਆਖਿਆ ਕਿ ਫੈਡਰਲ ਸਰਕਾਰ ਕੈਨੇਡੀਅਨ ਪੱਧਰ ਉੱਤੇ ਵੈਕਸੀਨ ਤਿਆਰ ਕਰਨ ਲਈ ਪੈਸਾ ਲਾ ਰਹੀ ਹੈ।

# ਬਰੈਂਪਟਨ ਦੇ ਸਕੂਲ ਦੇ ਪਾਰਕਿੰਗ ਲੌਟ ਵਿੱਚ ਪਾਰਕ ਕੀਤੀ ਬੱਸ ਵਿੱਚੋਂ ਮਿਲੀ ਲਾਸ਼



ਟੋਰਾਂਟੋ, 14 ਫਰਵਰੀ (ਪੋਸਟ ਬਿਊਰੋ) : ਬਰੈਂਪਟਨ ਦੇ ਸਕੂਲ ਵਿੱਚ ਪਾਰਕ ਕੀਤੀ ਬੱਸ ਵਿੱਚੋਂ ਇੱਕ ਵਿਅਕਤੀ ਦੀ ਲਾਸ਼ ਮਿਲਣ ਦੇ ਮਾਮਲੇ ਦੀ ਪੁਲਿਸ ਜਾਂਚ ਕਰ ਰਹੀ ਹੈ।

ਸ਼ਨਿੱਚਰਵਾਰ ਨੂੰ ਰਾਤੀਂ 1:40 ਉੱਤੇ ਪੁਲਿਸ ਨੂੰ ਇਸ ਸਬੰਧ ਵਿੱਚ ਕਾਲ ਆਈ ਤੇ ਕਿੰਗਜ਼ਵੁੱਡ ਡਰਾਈਵ ਤੇ ਲਿੰਕਡੇਲ ਰੋਡ ਨੇੜੇ ਪਾਰਕ ਕੀਤੀ ਗਈ ਇਸ ਬੱਸ ਬਾਰੇ ਜਾਣਕਾਰੀ ਦਿੱਤੀ ਗਈ। ਪੁਲਿਸ ਨੇ ਦੱਸਿਆ ਕਿ ਇੱਕ ਨੁਕਸਾਨੀ ਗਈ ਪੀਲੇ ਰੰਗ ਦੀ ਬੱਸ, ਜਿਸ ਉੱਤੇ ਲਾਇਸੰਸ ਪਲੇਟ ਨਹੀਂ ਸੀ, ਕਿੰਗਜ਼ਵੁੱਡ ਡਰਾਈਵ ਪਬਲਿਕ ਸਕੂਲ ਦੇ ਪਾਰਕਿੰਗ ਲੌਟ ਵਿੱਚ ਖੜ੍ਹੀ ਸੀ। ਬੱਸ ਦੀ ਜਾਂਚ ਕੀਤੇ ਜਾਣ ਤੋਂ ਬਾਅਦ ਉਸ ਵਿੱਚੋਂ ਇੱਕ ਵਿਅਕਤੀ ਦੀ ਲਾਸ਼ ਮਿਲੀ।

ਪੁਲਿਸ ਅਨੁਸਾਰ ਅਜੇ ਤੱਕ ਇਹ ਖੁਲਾਸਾ ਨਹੀਂ ਹੋ ਸਕਿਆ ਕਿ ਉਸ ਵਿਅਕਤੀ ਦੀ ਮੌਤ ਕਿਸ ਤਰ੍ਹਾਂ ਹੋਈ। ਕੌਰੋਨਰ ਵੱਲੋਂ ਵੀ ਮੌਕੇ ਦਾ ਮੁਆਇਨਾ ਕੀਤਾ ਗਿਆ ਤੇ ਮੌਤ ਦੇ ਕਾਰਨਾਂ ਦੀ ਪੁਸ਼ਟੀ ਕੌਰੋਨਰ ਆਫਿਸ ਵੱਲੋਂ ਹੀ ਕੀਤੀ ਜਾਵੇਗੀ।

ਬੱਸ ਵਿੱਚ ਅੱਗ ਲੱਗਣ ਕਾਰਨ ਹੋਏ ਨੁਕਸਾਨ ਦੇ ਸਬੰਧ ਵਿੱਚ ਆਫਿਸ ਆਫ ਦ ਫਾਇਰ ਮਾਰਸ਼ਲ ਨੂੰ ਵੀ ਜਾਣਕਾਰੀ ਦੇ ਦਿੱਤੀ ਗਈ ਹੈ।

ਬੱਸ ਵਿੱਚੋਂ ਇੱਕ ਪੋਰਟੇਬਲ ਹੀਟਰ ਵੀ ਮਿਲਿਆ ਹੈ ਤੇ ਉਸ ਦੀ ਵੀ ਜਾਂਚ ਕੀਤੀ ਜਾ ਰਹੀ ਹੈ। ਇਹ ਪੁੱਛੇ ਜਾਣ ਉੱਤੇ ਕਿ ਹੀਟਰ ਨੂੰ ਵੀ ਅੱਗ ਲੱਗੀ ਹੋ ਸਕਦੀ ਹੈ ਤਾਂ ਇਹ ਪਾਇਆ ਗਿਆ ਕਿ ਇਸ ਦੀ ਵੀ ਮਾਮੂਲੀ ਜਿਹੀ ਸੰਭਾਵਨਾ ਹੈ। ਫਾਇਰ ਮਾਰਸ਼ਲ ਦੇ ਆਫਿਸ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਅਜੇ ਤੱਕ ਇਸ ਮਾਮਲੇ ਵਿੱਚ ਕੁੱਝ ਵੀ ਸ਼ੱਕੀ ਨਜ਼ਰ ਨਹੀਂ ਆ ਰਿਹਾ।

# ਓਨਟਾਰੀਓ ਵਿੱਚ 27 ਰੀਜਨਜ਼ ਨੂੰ ਦਿੱਤੀ ਗਈ ਸਟੇਅ ਐਟ ਹੋਮ ਆਰਡਰਜ਼ ਤੋਂ ਛੋਟ



ਟੋਰਾਂਟੋ, 14 ਫਰਵਰੀ (ਪੋਸਟ ਬਿਊਰੋ) : ਓਨਟਾਰੀਓ ਸਰਕਾਰ ਵੱਲੋਂ 27 ਰੀਜਨਜ਼ ਨੂੰ ਸਟੇਅ ਐਟ ਹੋਮ ਆਰਡਰਜ਼ ਤੋਂ ਛੋਟ ਦਿੱਤੀ ਜਾ ਰਹੀ ਹੈ। ਇਸ ਦੌਰਾਨ ਗੈਰ ਜ਼ਰੂਰੀ ਕਾਰੋਬਾਰਾਂ ਨੂੰ ਅੰਸ਼ਕ ਤੌਰ ਉੱਤੇ ਖੋਲ੍ਹਣ ਦੀ ਇਜਾਜ਼ਤ ਦਿੱਤੀ ਜਾ ਰਹੀ ਹੈ।

ਰੀਜਨ ਦੇ ਕਲਰ ਕੋਡਿਡ ਸਿਸਟਮ ਵਿੱਚ ਨਾਇਗਰਾ ਹੀ ਅਜਿਹਾ ਰੀਜਨ ਹੋਵੇਗਾ ਜੋ ਗ੍ਰੇਅ ਲਾਕਡਾਊਨ ਜ਼ੋਨ ਵਿੱਚ ਰਹੇਗਾ, ਜਿਸ ਨਾਲ ਇੱਥੋਂ ਦੇ ਕਾਰੋਬਾਰਾਂ ਨੂੰ 25 ਫੀ ਸਦੀ ਸਮਰੱਥਾ ਨਾਲ ਖੁੱਲ੍ਹਣ ਦੀ ਇਜਾਜ਼ਤ ਹੋਵੇਗੀ।

ਇਸ ਦੌਰਾਨ ਟੋਰਾਂਟੋ, ਪੀਲ ਰੀਜਨ, ਯੌਰਕ ਰੀਜਨ ਤੇ ਨੌਰਥ ਬੇਅ ਪੈਰੀ ਸਾਊਂਡ ਡਿਸਟ੍ਰਿਕਟ ਨੂੰ ਸਟੇਅ ਐਟ ਹੋਮ ਆਰਡਰ ਤੋਂ ਕੋਈ ਛੋਟ ਨਹੀਂ ਦਿੱਤੀ ਜਾਵੇਗੀ ਤੇ ਇੱਥੇ 22 ਫਰਵਰੀ ਤੱਕ ਇਹੋ ਹੁਕਮ ਲਾਗੂ ਰਹਿਣਗੇ।

ਚੈਠਮ-ਕੈਂਟ ਹੈਮਿਲਟਨ, ਹਾਲਟਨ ਰੀਜਨ, ਦਰਹਾਮ ਰੀਜਨ, ਮਿਡਲਸੈਕਸ-ਲੰਡਨ, ਰੀਜਨ ਆਫ ਵਾਟਰਲੂ, ਸਿਮਕੋਅ-ਮਸਕੋਕਾ, ਥੰਡਰ ਬੇਅ ਡਿਸਟ੍ਰਿਕਟ, ਵੈਲਿੰਗਟਨ-ਡਫਰਿਨ ਗੁਐਲਫ, ਵਿੰਡਸਰ-ਅਸੈਕਸ ਤੇ ਸਾਊਥਵੈਸਟਰਨ ਹੈਲਥ ਯੂਨਿਟਸ ਰੈੱਡ ਲੈਵਲ ਵਿੱਚ ਹੀ ਰਹਿਣਗੀਆਂ।

ਬ੍ਰੈਂਟ ਕਾਊਂਟੀ, ਈਸਟਰਨ ਓਨਟਾਰੀਓ, ਹਲਡੀਮੰਡ-ਨੌਰਫੋਕ,ਹਿਊਰਨ ਪਰਥ, ਲੈਂਬਟਨ, ਓਟਵਾ, ਸਡਬਰੀ, ਪੌਰਕਿਊਪਾਈਨ ਐਂਡ ਹੈਲੀਬਰਟਨ, ਕਵਾਰਥਾ, ਪਾਈਨ ਰਿੱਜ ਡਿਸਟ੍ਰਿਕਟ ਹੈਲਥ ਯੂਨਿਟਸ ਆਰੇਂਜ ਲੈਵਲ ਉੱਤੇ ਰਹਿਣਗੀਆਂ। ਐਲਗੋਮਾ, ਗ੍ਰੇਅ ਬਰੂਸ, ਨੌਰਥਵੈਸਟਰਨ ਐਂਡ ਪੀਟਰਬੌਰੋਅ ਹੈਲਥ ਯੂਨਿਟਸ ਨੂੰ ਯੈਲੋਅ ਲੈਵਲ ਉੱਤੇ ਰੱਖਿਆ ਗਿਆ ਹੈ। ਲੀਡਜ਼, ਗ੍ਰੈਨਵਿੱਲ ਐਂਡ ਲੈਨਾਰਕ ਡਿਸਟ੍ਰਿਕਟ ਅਤੇ ਤਿਮਿਸਕੇਮਿੰਗ ਹੈਲਥ ਯੂਨਿਟਸ ਨੂੰ ਗ੍ਰੀਨ ਜ਼ੋਨ ਵਿੱਚ ਰੱਖਿਆ ਜਾਵੇਗਾ।

ਸਿਹਤ ਮੰਤਰੀ ਕ੍ਰਿਸਟੀਨ ਐਲੀਅਟ ਨੇ ਆਖਿਆ ਕਿ ਭਾਵੇਂ ਸਾਡੇ ਵੱਲੋਂ ਕੁੱਝ ਰੀਜਨਜ਼ ਨੂੰ ਸ਼ੱਟਡਾਊਨ ਵਿੱਚੋਂ ਹੌਲੀ ਹੌਲੀ ਬਾਹਰ ਕੱਢਿਆ ਜਾ ਰਿਹਾ ਹੈ ਪਰ ਨਵੇਂ ਵੇਰੀਐਂਟਸ ਦੇ ਖਤਰੇ ਨੂੰ ਵੇਖਦਿਆਂ ਹੋਇਆਂ ਇਸ ਨੂੰ ਰੀਓਪਨਿੰਗ ਨਹੀਂ ਸਮਝਿਆ ਜਾਣਾ ਚਾਹੀਦਾ ਤੇ ਨਾ ਹੀ ਇਹ ਆਮ ਵਰਗੇ ਹਾਲਾਤ ਤੱਕ ਪਹੁੰਚਣ ਦਾ ਹੀ ਸੰਕੇਤ ਹੈ। ਉਨ੍ਹਾਂ ਆਖਿਆ ਕਿ ਜਦੋਂ ਤੱਕ ਵੈਕਸੀਨ ਵੱਡੀ ਪੱਧਰ ਉੱਤੇ ਹਾਸਲ ਨਹੀਂ ਹੋ ਜਾਂਦੀ ਸਥਿਤੀ ਨਾਜ਼ੁਕ ਹੀ ਰਹੇਗੀ ਤੇ ਸਾਰੇ ਲੋਕਾਂ ਨੂੰ ਪਬਲਿਕ ਹੈਲਥ ਮਾਪਦੰਡਾਂ ਦੀ ਪਾਲਣਾ ਕਰਨੀ ਚਾਹੀਦੀ ਹੈ।

ਇਸ ਦੌਰਾਨ ਪ੍ਰੀਮੀਅਰ ਫੋਰਡ ਨੇ ਸਾਰੇ ਓਨਟਾਰੀਓ ਵਾਸੀਆਂ ਨੂੰ ਘਰਾਂ ਵਿੱਚ ਰਹਿਣ, ਸਫਰ ਨਾ ਕਰਨ, ਇੱਕ ਦੂਜੇ ਦੇ ਘਰਾਂ ਵਿੱਚ ਨਾ ਜਾਣ ਤੇ ਪਾਰਟੀ ਆਦਿ ਨਾ ਕਰਨ ਦੀ ਗੁਜ਼ਾਰਿਸ਼ ਕੀਤੀ। ਉਨ੍ਹਾਂ ਆਖਿਆ ਕਿ ਅਸੀਂ ਨਹੀਂ ਚਾਹੁੰਦੇ ਕਿ ਜੋ ਪਹਿਲਾਂ ਹੋ ਚੁੱਕਿਆ ਹੈ ਉਹ ਦੁਬਾਰਾ ਵਾਪਰੇ। ਉਨ੍ਹਾਂ ਆਖਿਆ ਕਿ ਪਬਲਿਕ ਹੈਲਥ ਪ੍ਰੋਟੋਕਾਲਜ਼ ਦੀ ਪਾਲਣਾ ਕਰਕੇ ਅਸੀਂ ਤੀਜੀ ਵੇਵ ਨੂੰ ਆਉਣ ਤੋਂ ਰੋਕ ਸਕਦੇ ਹਾਂ।

# ਮੁੜ ਮਾਂ ਬਣਨ ਵਾਲੀ ਹੈ ਮੇਘਨ



ਟੋਰਾਂਟੋ, 14 ਫਰਵਰੀ (ਪੋਸਟ ਬਿਊਰੋ) : ਡੱਚੈੱਸ ਆਫ ਸਸੈਕਸ ਇੱਕ ਵਾਰੀ ਮੁੜ ਮਾਂ ਬਣਨ ਵਾਲੀ ਹੈ। ਇਹ ਖੁਲਾਸਾ ਡਿਊਕ ਤੇ ਡਚੈਸ ਆਫ ਸਸੈਕਸ ਦੇ ਬੁਲਾਰੇ ਨੇ ਕੀਤਾ।

ਪ੍ਰਿੰਸ ਹੈਰੀ ਤੇ ਮੇਘਨ ਦੋਵਾਂ ਨੇ ਪਿਛਲੇ ਸਾਲ ਰਸਮੀ ਤੌਰ ਉੱਤੇ ਰੌਇਲ ਡਿਊਟੀਜ਼ ਤੋਂ ਕਿਨਾਰਾ ਕਰ ਲਿਆ ਸੀ। ਥੋੜ੍ਹੇ ਸਮੇਂ ਲਈ ਵੈਨਕੂਵਰ ਠਹਿਰਣ ਤੋਂ ਬਾਅਦ ਉਹ ਕੈਲੇਫੋਰਨੀਆ ਜਾ ਕੇ ਰਹਿਣ ਲੱਗੇ ਸਨ। ਬੁਲਾਰੇ ਨੇ ਇਹ ਨਹੀਂ ਦੱਸਿਆ ਕਿ ਬੱਚੇ ਦਾ ਜਨਮ ਕਦੋਂ ਹੋਵੇਗਾ। ਇਸ ਜੋੜੇ ਦਾ ਪਹਿਲਾ ਬੱਚਾ ਆਰਚੀ ਮਈ 2019 ਵਿੱਚ ਪੈਦਾ ਹੋਇਆ ਸੀ।

ਪਿਛਲੇ ਸਾਲ ਨਵੰਬਰ ਵਿੱਚ ਮੇਘਨ ਨੇ ਨਿਊ ਯੌਰਕ ਟਾਈਮਜ਼ ਵਿੱਚ ਲਿਖੇ ਇੱਕ ਓਪੀਨੀਅਨ ਪੀਸ ਵਿੱਚ ਇਹ ਖੁਲਾਸਾ ਕੀਤਾ ਸੀ ਕਿ ਕਈ ਮਹੀਨੇ ਪਹਿਲਾਂ ਉਸ ਦਾ ਮਿਸਕੈਰੇਜ ਹੋਇਆ ਸੀ। ਉਸ ਨੇ ਇਹ ਵੀ ਲਿਖਿਆ ਸੀ ਕਿ ਉਹ ਦੂਜਿਆ ਦੀ ਮਦਦ ਲਈ ਆਪਣੀ ਇਹ ਕਹਾਣੀ ਸਾਂਝੀ ਕਰ ਰਹੀ ਹੈ।

ਸੀਟੀਵੀ ਦੇ ਰੌਇਲ ਕੰਮੈਂਟੇਟਰ ਰਿਚਰਡ ਬਰਥੈਲਸਨ ਨੇ ਆਖਿਆ ਕਿ ਨਵੇਂ ਬੱਚੇ ਦੀ ਆਮਦ ਦੀ ਖਬਰ ਹਮੇਸ਼ਾਂ ਉਤਸਾਹ ਦੇਣ ਵਾਲੀ ਹੁੰਦੀ ਹੈ ਤੇ ਇਹ ਜੋੜਾ ਪਿਛਲੇ ਸਾਲ ਜਿਸ ਪਰੇਸ਼ਾਨੀ ਵਿੱਚੋਂ ਲੰਘਿਆ ਹੈ ਉਸ ਲਈ ਤਾਂ ਇਹ ਹੋਰ ਵੀ ਖੁਸ਼ੀ ਦੇਣ ਵਾਲੀ ਹੈ। ਇਹ ਬੱਚਾ ਰਾਜਗੱਦੀ ਦਾ ਅੱਠਵਾਂ ਵਾਰਿਸ ਹੋਵੇਗਾ ਪਰ ਜਨਮ ਸਮੇਂ ਬੱਚੇ ਨੂੰ ਸ਼ਾਹੀ ਖਿਤਾਬ ਹਾਸਲ ਨਹੀਂ ਹੋ ਸਕੇਗਾ। ਅਜਿਹਾ ਇਸ ਲਈ ਕਿਉਂਕਿ ਇਸ ਜੋੜੇ ਨੇ ਸ਼ਾਹੀ ਜ਼ਿੰਮੇਵਾਰੀਆਂ ਤੋਂ ਖੁਦ ਨੂੰ ਪਾਸੇ ਕਰ ਲਿਆ ਸੀ ਤੇ ਆਪਣੇ ਬੱਚਿਆਂ ਦੀ ਪਰਵਰਿਸ਼ ਅਮਰੀਕਾ ਵਿੱਚ ਕਰਨ ਦਾ ਫੈਸਲਾ ਕੀਤਾ ਸੀ।

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6 Brampton, ON, L6P 3W4
Aman Sharma
Open Saturday
Providing excellent quality legal services to our clients

ALL KINDS OF IMMIGRATION SERVICES
iccrc crcic
Call: 416 278 4449 204 295 4449
World Gateway Immigration Company since 2010
Get PERMANENT RESIDENCY
If You are on Work Permit/Visitor in Canada
ZORA KAINTH
DIRECTOR
Member of ICCRC
Oath commissioner of Manitoba
Toronto: 149-2960 Drew Road, Mississauga Winnipeg: 678 McphillipsStreet, Winnipeg

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill
Certified & Licenced Exterminator

Canada Consumer Credit Assistance | ਕਰਜ਼ਾ ਰਹਿਤ ਜ਼ਿੰਦਗੀ ਜੀਓ
- ਪਾਵਰ ਆਫ ਸੇਲ ਨੋਟਿਸ ?
- ਗਾਰਨਿਸ਼ਮੈਂਟ?
- ਬੈਂਕ ਵਲੋਂ ਪੈਸੇ ਦੀ ਮੰਗ ?
- ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available
1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100 Unit #20 - 7015 Tranmere Drive Mississauga, ON L5S 1T7

HELPING YOU PLAN TODAY...FOR TOMORROW
- Supervisa / Visitor Insurance
- Life /Mortgage/Funeral Insurance
- Disability Insurance
- Critical Illness Insurance
- RESP /RRSP
www.ufsinsurance.com
JATINDERBIR S BAJWA Insurance Broker
Dir:647-928-4990
# 25-831 Bovaird Dr. W. Brampton, ON L6X0T9 | www.ufsinsurance.com

Royal Pest Control
Residential Commercial Industrial
Specialist in Bedbugs Service
All Pest Control :
Mouse & Rats, Spiders & Fleas, Bedbugs, Wasps, Cockroaches, Carpenter Ants, Silver Fish, Racoons
Call : PARESH PATEL (Government Approved Licensed Technician)
416 938 4598

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
AvonFinancial Inc.
Brokerage Lic. 12538
Cell: 416-841-4218 Tel: 905-216-5563
Harpreet Singh Goraya
Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu
Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

SEHMBI RENOVATIONS
ਰੈਨੋਵੇਸ਼ਨ ਦੇ ਕਿਸੇ ਵੀ ਕੰਮ ਲਈ ਸਾਡੀਆਂ ਪਰੋਫੈਸ਼ਨਲ ਤੇ ਭਰੋਸੇਯੋਗ ਸੇਵਾਵਾਂ ਦਾ ਲਾਭ ਉਠਾਓ
- Custom Kitchen Cabinets
- Completly Furnished
- Legal Basement
- Painting & Flooring
ਵਾਜਬ ਕੀਮਤ ਤੇ ਸਮੇਂ ਸਿਰ ਕੰਮ
Jaswant Sehmbi: 647.524.0885


KELLEY LAW OFFICE
Immigration | Real Estate
Family Law | Business Closing
Corporate | Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
ਇਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਹਲਫੀਆ ਬਿਆਨ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ।
1200 Derry Road E, #15, Mississauga, ON L5T 0B3
Shinder Kelley
905-362-0755

MANN LAW FIRM
- Real Estate Law
- Business Law
- Wills & Estates
- Family Law
- Power of Attorney
- Civil Litigation
- Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

# ਪੰਜਾਬ ਦੀਆਂ ਸ਼ਹਿਰੀ ਚੋਣਾਂ: ਨਗਰ ਨਿਗਮਾਂ ਤੇ ਨਗਰ ਪੰਚਾਇਤਾਂ ਦੇ 9222 ਉਮੀਦਵਾਰਾਂ ਦਾ ਭਵਿੱਖ ਮਸ਼ੀਨਾਂ ਵਿੱਚ ਕੈਦ

ਚੰਡੀਗੜ੍ਹ, 14 ਫਰਵਰੀ, (ਪੋਸਟ ਬਿਊਰੋ)- ਪੰਜਾਬ ਵਿੱਚ ਨਗਰ ਕੌਂਸਲਾਂ ਤੇ ਨਗਰ ਪੰਚਾਇਤਦੀਆਂ ਚੋਣਾਂ ਲਈ ਵੋਟਿੰਗ ਅੱਜ ਕੁਝ ਥਾਂਈਂ ਹੋਈਆਂ ਘਟਨਾਵਾਂ ਦੇ ਬਾਵਜੂਦ ਕਿਸੇ ਬਹੁਤ ਵੱਡੀ ਖੂਨ-ਖਰਾਬੇ ਦੇ ਘਟਨਾ ਦੇ ਬਗੈਰਹੋਈ ਹੈ। ਚੋਣ ਅਧਿਕਾਰੀਆਂ ਮੁਤਾਬਕਅੱਜਅੱਠ ਨਗਰ ਨਿਗਮਾਂ ਅਤੇ ਕੁੱਲ 109 ਨਗਰ ਕੌਂਸਲਾਂ ਅਤੇ ਨਗਰ ਪੰਚਾਇਆਂ ਦੇ ਮੈਂਬਰ ਚੁਣਨ ਲਈ 71.39 ਫ਼ੀਸਦੀ ਵੋਟਿੰਗ ਹੋਈ ਅਤੇ 9222 ਉਮੀਦਵਾਰਾਂ ਦਾ ਭਵਿੱਖ ਵੋਟਿੰਗ ਮਸ਼ੀਨਾਂ ਵਿੱਚ ਬੰਦ ਹੋ ਗਿਆ ਹੈ। ਇਨ੍ਹਾਂ ਵੋਟਾਂ ਦੀ ਗਿਣਤੀ 17 ਫਰਵਰੀ ਬੁੱਧਵਾਰ ਨੂੰ ਹੋਵੇਗੀ।



ਇਹ ਬਾਰੇ ਪੰਜਾਬ ਰਾਜ ਚੋਣ ਕਮਿਸ਼ਨ ਦੇ ਬੁਲਾਰੇ ਨੇ ਕਿਹਾ ਕਿ ਮਾਨਸਾ ਜ਼ਿਲ੍ਹੇ ਵਿੱਚ ਸਭ ਤੋਂ ਵੱਧ ਵੋਟਿੰਗ ਹੋਈ ਅਤੇ ਸਭ ਤੋਂ ਘੱਟ ਵੋਟਾਂ ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੋਹਾਲੀ)ਵਿੱਚ ਪਈਆਂ। ਬੁਲਾਰੇ ਮੁਤਾਬਕ ਐੱਸ ਏ ਐੱਸ ਨਗਰ ਜ਼ਿਲੇਵਿੱਚ60.08 ਫੀਸਦੀ ਵੋਟਾਂ ਪਈਆਂ,ਤਰਨ ਤਾਰਨ 63.12 ਫੀਸਦੀ, ਕਪੂਰਥਲਾ 64.34, ਹੁਸ਼ਿਆਰਪੁਰ 66.68, ਮੁਕਤਸਰ ਸਾਹਿਬ 68.65 ਫੀਸਦੀ, ਮੋਗਾ 69.50 ਫੀਸਦੀ, ਸ਼ਹੀਦ ਭਗਤ ਸਿੰਘ ਨਗਰ 69.71ਫੀਸਦੀ,ਗੁਰਦਾਸਪੁਰ 70ਫੀਸਦੀ, ਪਟਿਆਲਾ 70.09ਫੀਸਦੀ, ਲੁਧਿਆਣਾ 70.33ਫੀਸਦੀ, ਫਰੀਦਕੋਟ 71.03ਫੀਸਦੀ,ਅੰਮ੍ਰਿਤਸਰ 71.20 ਫੀਸਦੀ, ਬਰਨਾਲਾ 71.99 ਫੀਸਦੀ,ਫਾਜ਼ਿਲਕਾ 72.40ਫੀਸਦੀ,ਜਲੰਧਰ 73.29ਫੀਸਦੀ, ਰੂਪਨਗਰ ਵਿੱਚ 73.80 ਫੀਸਦੀ,ਫਿਰੋਜ਼ਪੁਰ 74.01ਫੀਸਦੀ, ਪਠਾਨਕੋਟ 75.37ਫੀਸਦੀ,ਫਤਹਿਗੜ੍ਹ ਸਾਹਿਬ 75.78 ਫੀਸਦੀ, ਸੰਗਰੂਰ 77.39 ਫੀਸਦੀ,ਬਠਿੰਡਾ ਵਿੱਚ 79 ਅਤੇ ਮਾਨਸਾ ਵਿੱਚ 82.99, ਵੋਟਿੰਗ ਹੋਈ ਹੈ।

# ਕਿਸਾਨਾਂ ਦੀ ਮਹਾ ਪੰਚਾਇਤ ਵਿੱਚ ਟਿਕੈਤ ਦਾ ਨਵਾਂ ਨਾਅਰਾ 'ਲੜੇਗਾ ਜਵਾਨ, ਜਿੱਤੇਗਾ ਕਿਸਾਨ'

*** ਮੰਚ ਅਤੇ ਪੰਚ ਨਹੀਂ ਬਦਲੇ ਜਾਣਗੇ: ਟਿਕੈਤ**



ਕਰਨਾਲ, 14 ਫਰਵਰੀ, (ਪੋਸਟ ਬਿਊਰੋ/ਗਿਆਨ ਸਿੰਘ)- ਭਾਰਤ ਸਰਕਾਰ ਦੇ ਤਿੰਨ ਨਵੇਂ ਖੇਤੀਬਾੜੀ ਕਾਨੂੰਨਾਂ ਵਿਰੁੱਧ ਅੰਦੋਲਨ ਅੱਗੇ ਵਧ ਰਿਹਾ ਹੈ ਅਤੇ ਸਰਕਾਰ ਅਤੇ ਕਿਸਾਨਾਂ ਵਿਚਾਲੇ ਗੱਲਬਾਤ ਬੰਦ ਹੈ। ਇਸ ਦੌਰਾਨ ਕਿਸਾਨਾਂ ਨੇ ਆਵਾਜ਼ ਬੁਲੰਦ ਕਰਨ ਅਤੇ ਸਰਕਾਰ ਉੱਤੇ ਦਬਾਅ ਬਣਾਉਣ ਲਈ ਵੱਖ-ਵੱਖ ਥਾਵਾਂ ਉੱਤੇ ਮਹਾਪੰਚਾਇਤਾਂ ਦਾ ਸਿਲਸਿਲਾ ਤੇਜ਼ ਕਰ ਦਿੱਤਾ ਹੈ। ਅੱਜ ਐਤਵਾਰ ਨੂੰ ਕਰਨਾਲ ਦੇ ਇੰਦਰੀ ਵਿਖੇ ਕਿਸਾਨਾਂ ਦੀ ਮਹਾਂ ਪੰਚਾਇਤ ਹੋਈ, ਜਿੱਥੇ ਕਿਸਾਨ ਆਗੂ ਰਾਕੇਸ਼ ਟਿਕੈਤ, ਗੁਰਨਾਮ ਸਿੰਘ ਚੜੂੰਨੀ ਤੇ ਬਲਬੀਰ ਸਿੰਘ ਰਾਜੇਵਾਲ ਸਣੇ ਕਈ ਆਗੂ ਪਹੁੰਚੇ। ਇਨ੍ਹਾ ਕਿਸਾਨ ਆਗੂਆਂ ਨੂੰ ਸੁਣਨ ਲਈ ਅੱਜ ਦੀ ਮਹਾਪੰਚਾਇਤ ਵਿੱਚ ਵੱਡੀ ਗਿਣਤੀਵਿੱਚ ਲੋਕਾਂ ਦੀ ਭੀੜ ਸੀ।

ਰਾਕੇਸ਼ ਟਿਕੈਤ ਨੇ ਅੱਜ ਦੀ ਮਹਾਪੰਚਾਇਤ ਦੇ ਮੰਚ ਤੋਂ ਕਿਹਾ ਕਿ ਹਰਿਆਣਾ ਦੇ ਲੋਕ ਬੜੇ ਲੜਾਕੂ ਹਨ, ਅੰਦੋਲਨ ਖ਼ਤਮ ਹੋ ਰਿਹਾ ਸੀ ਤਾਂ ਹਰਿਆਣਾ ਦੇ ਲੋਕਾਂ ਨੇ ਬਚਾਇਆ ਹੈ। ਇਸ ਮੌਕੇ ਟਿਕੈਤ ਨੇ ਮੰਚ ਤੋਂਅੱਗੇ ਤੋਂ ਨਵਾਂ ਨਾਅਰਾ ਦੇ ਦਿੱਤਾ ਕਿ 'ਲੜੇਗਾ ਜਵਾਨ, ਜਿੱਤੇਗਾ ਕਿਸਾਨ'। ਇਸ ਦੇ ਨਾਲ ਰਾਕੇਸ਼ ਟਿਕੈਤ ਨੇ ਇਹ ਵੀ ਕਿਹਾ ਕਿ ਕਿਸੇ ਵੀ ਰਾਜ ਦੇ ਕਿਸਾਨਾਂ ਨੂੰ ਸਾਡੀ ਕਦੇ ਜ਼ਰੂਰਤ ਪਈ ਤਾਂ ਅਸੀਂ ਉਥੇ ਜਾਵਾਂਗੇ। ਉਨ੍ਹਾਂ ਸਾਫ ਕਿਹਾ ਕਿ ਸਰਕਾਰ ਕੁਝ ਵੀ ਕਹਿੰਦੀ ਰਹੇ, ਨਾ ਸਾਡਾ ਮੰਚ ਬਦਲੇਗਾ, ਨਾ ਲੀਡਰ ਬਦਲਣਗੇ, ਮੰਚ ਅਤੇ ਪੰਚ ਉਹੀ ਰਹਿਣਗੇ। ਉਨ੍ਹਾਂ ਸਪੱਸ਼ਟ ਕੀਤਾ ਕਿ ਖੇਤੀਬਾੜੀ ਕਾਨੂੰਨਾਂ ਬਾਰੇ ਕਿਸਾਨ ਫੈਸਲਾ ਲੈਣਗੇ, ਚਮਕਦਾਰ ਕੋਠੀਆਂਵਿੱਚ ਬੈਠੇ ਨੇਤਾ ਨਹੀਂ ਲੈ ਸਕਦੇ।

# ਸ਼ਹਿਰੀ ਚੋਣਾਂ ਵਿੱਚ ਝੜਪਾਂ ਬਾਰੇ ਕਾਂਗਰਸ ਉੱਤੇ ਗੰਭੀਰ ਦੋਸ਼ ਲੱਗੇ



ਚੰਡੀਗੜ੍ਹ, 14 ਫਰਵਰੀ, (ਪੋਸਟ ਬਿਊਰੋ)- ਅੱਜ ਪੰਜਾਬ ਭਰਵਿੱਚ ਨਗਰ ਨਿਗਮ ਅਤੇ ਨਗਰ ਪੰਚਾਇਤਾਂ ਦੀਆਂ ਚੋਣਾਂ ਦੌਰਾਨ ਕਈ ਥਾਵਾਂ ਉੱਤੇ ਹਿੰਸਕ ਝੜਪਾਂ ਹੋਣ ਦੀਆਂ ਖ਼ਬਰਾਂ ਮਿਲੀਆਂ ਹਨ। ਆਮ ਆਦਮੀ ਪਾਰਟੀ ਤੇ ਅਕਾਲੀ ਦਲ ਨੇ ਪੰਜਾਬ ਦੀ ਕਾਂਗਰਸ ਸਰਕਾਰ ਉੱਤੇਧੱਕੇਸ਼ਾਹੀ ਕਰਾਉਣ ਦੇ ਵੱਡੇ ਦੋਸ਼ ਲਾਏ ਹਨ।

ਚੋਣਾਂ ਵਿੱਚ ਹੋਈ ਹਿੰਸਾ ਬਾਰੇ ਅੱਜ ਆਮ ਆਦਮੀ ਪਾਰਟੀ ਨੇ ਦੋਸ਼ ਲਾਇਆ ਕਿ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਸ਼ਹਿ ਉੱਤੇ ਕਾਂਗਰਸੀ ਗੁੰਡਿਆਂ ਨੇ ਪੰਜਾਬਵਿੱਚ ਕਈ ਥਾਂ ਬੂਥਾਂ ਉੱਤੇ ਕਬਜ਼ੇ ਕੀਤੇ ਅਤੇ ਆਮ ਆਦਮੀ ਪਾਰਟੀ ਦੇ ਵਰਕਰਾਂ ਉੱਤੇ ਹਮਲੇ ਕੀਤੇ ਹਨ। ਇਸ ਪਾਰਟੀ ਦੇ ਵਿਧਾਇਕ ਤੇ ਵਿਧਾਨ ਸਭਾ ਦੀ ਵਿਰੋਧੀ ਧਿਰ ਦੇ ਆਗੂ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਦੇ ਕਾਂਗਰਸੀ ਗੁੰਡਿਆਂ ਨੇ ਪੰਜਾਬ ਵਿੱਚ ਲੋਕਤੰਤਰ ਦਾ ਕਤਲ ਕੀਤਾ ਹੈ। ਉਨਾਂ ਕਿਹਾ ਕਿ ਅਮਰਿੰਦਰ ਸਿੰਘ ਲੋਕਾਂ ਨਾਲ ਕੀਤੇ ਵਾਅਦੇ ਪੂਰੇ ਕਰਨੋਂ ਅਸਫਲ ਰਹੇ ਹਨ ਤੇ ਅੱਜ ਲੋਕਤੰਤਰ ਦਾ ਕਤਲ ਕਰ ਰਹੇ ਹਨ। ਉਨਾਂ ਕਿਹਾ ਕਿ ਆਮ ਆਦਮੀ ਪਾਰਟੀ ਪਹਿਲਾਂ ਹੀ ਸ਼ੱਕ ਪ੍ਰਗਟਕਰ ਰਹੀ ਸੀ ਕਿ ਕਾਂਗਰਸ ਇਨ੍ਹਾਂ ਚੋਣਾਂ ਨੂੰ ਲੁੱਟਣ ਲਈ ਕਿਸੇ ਵੀ ਹੱਦ ਤੱਕ ਜਾ ਸਕਦੀ ਹੈ ਤੇਪੰਜਾਬ ਦੇ ਚੋਣ ਕਮਿਸ਼ਨ ਨੂੰ ਮਿਲਕੇ ਇਨ੍ਹਾਂ ਚੋਣਾਂ ਵਿੱਚਪੈਰਾ ਮਿਲਟਰੀ ਤੈਨਾਤ ਕਰਨ ਦਾ ਮੰਗ ਪੱਤਰ ਦਿੱਤਾ ਸੀ, ਪਰ ਉਸ ਨੂੰ ਗੰਭੀਰਤਾ ਨਾਲ ਨਾ ਲੈਣ ਕਾਰਨ ਹਿੰਸਾ ਹੋਈ ਹੈ। ਉਨਾਂ ਕਿਹਾ ਕਿ ਕਾਂਗਰਸੀ ਗੁੰਡਿਆਂ ਨੇ ਕਈ ਥਾਂ ਆਮ ਆਦਮੀ ਪਾਰਟੀ ਦੇ ਵਲੰਟੀਅਰਾਂ ਉੱਤੇ ਹਮਲਾ ਕੀਤਾ ਅਤੇ ਪੱਟੀ ਵਿੱਚਉਨ੍ਹਾਂ ਉੱਤੇ ਗੋਲੀ ਚਲਾਈ ਗਈ ਤੇ ਇਕ ਵਲੰਟੀਅਰ ਨੂੰ ਪੁਲਿਸ ਨੇ ਗ੍ਰਿਫਤਾਰ ਕਰ ਲਿਆ ਹੈ। ਉਨ੍ਹਾਂ ਨੇ ਕਿਹਾ ਕਿ ਤਰਨਤਾਰਨ, ਰਾਜਪੁਰਾ, ਫਾਜ਼ਿਲਕਾ, ਫਿਰੋਜ਼ਪੁਰ, ਅਬੋਹਰ, ਜਲਾਲਾਬਾਦ, ਸਮਾਣਾ, ਧੂਰੀ, ਭਿੱਖੀਵਿੰਡ ਸਣੇ ਕਈ ਥਾਂ ਕਾਂਗਰਸੀ ਗੁੰਡਿਆਂ ਨੇ ਬੂਥਾਂ ਉੱਤੇ ਕਬਜ਼ੇ ਕਰਨ ਦੀ ਕੋਸ਼ਿਸ਼ ਕੀਤੀ ਹੈ।

ਸ਼੍ਰੋਮਣੀ ਅਕਾਲੀ ਦਲ ਨੇ ਚੋਣ ਕਮਿਸ਼ਨ ਨੂੰ ਲੋਕਤੰਤਰ ਦੇ ਕਤਲ ਦੀ ਸ਼ਿਕਾਇਤ ਕੀਤੀ ਅਤੇ ਜਿਹੜੇ ਬੂਥਾਂ ਉੱਤੇ ਕਬਜ਼ੇ ਹੋਏ ਹਨ, ਉਥੇ ਚੋਣ ਰੱਦ ਕਰ ਕੇ ਨਵੇਂ ਸਿਰੇ ਤੋਂ ਚੋਣਾਂ ਕਰਾਉਣ ਦੀ ਮੰਗ ਕੀਤੀ ਹੈ। ਇਥੇ ਜਾਰੀ ਕੀਤੇ ਬਿਆਨ ਵਿਚ ਸਾਬਕਾ ਮੰਤਰੀ ਤੇ ਅਕਾਲੀ ਦਲ ਦੇ ਬੁਲਾਰੇ ਡਾ. ਦਲਜੀਤ ਸਿੰਘ ਚੀਮਾ ਨੇ ਕਿਹਾ ਕਿ ਅਕਾਲੀ ਦਲ ਨੇ ਪਹਿਲਾਂ ਹੀ ਪੰਜਾਬ ਦੇ ਚੋਣ ਕਮਿਸ਼ਨ ਨੂੰ ਚੌਕਸ ਕੀਤਾ ਸੀ ਕਿ ਜ਼ਿਲ੍ਹਾ ਪ੍ਰੀਸ਼ਦ ਤੇ ਪੰਚਾਇਤਸੰਮਤੀ ਚੋਣਾਂ ਵਿਚ ਕਾਂਗਰਸੀ ਗੁੰਡੇ ਬੂਥਾਂ ਉੱਤੇ ਕਬਜ਼ਾ ਕਰ ਸਕਦੇ ਹਨ ਤੇ ਹੋਰ ਬੇਨਿਯਮੀਆਂ ਕਰਨ ਦਾ ਡਰ ਹੈ, ਇਸ ਦੇ ਬਾਵਜੂਦ ਹਾਲਾਤ ਉੱਤੇ ਕੰਟਰੋਲ ਕਰਨ ਤੇ ਆਜ਼ਾਦ ਤੇ ਨਿਰਪੱਖ ਚੋਣਾਂ ਯਕੀਨੀ ਕਰਨ ਲਈ ਠੋਸ ਨਹੀਂ ਚੁੱਕੇ ਗਏ। ਡਾ:ਚੀਮਾ ਨੇ ਕਿਹਾ ਕਿ ਅੱਜ ਤਰਨਤਾਰਨ ਜ਼ਿਲ੍ਹੇ ਵਿਚ ਪੱਟੀ ਵਿਚ ਗੋਲੀਆਂ ਚਲਾਈਆਂ ਗਈਆਂ, ਰੋਪੜ ਤੇ ਫਤਿਹਗੜ੍ਹ ਚੂੜੀਆਂ ਵਿਚ ਅਕਾਲੀ ਦਲ ਦੇ ਸਮਰਥਕਾਂ ਉੱਤੇ ਤੇਜ਼ਧਾਰ ਹਥਿਆਰਾਂ ਨਾਲ ਹਮਲੇ ਹੋਏ, ਰਾਜਪੁਰਾ, ਸਮਾਣਾ, ਮੁਕਤਸਰ ਸਾਹਿਬ, ਸੁਲਤਾਨਪੁਰ ਲੋਧੀ, ਦੀਨਾਨਗਰ, ਫਿਰੋਜ਼ਪੁਰ ਤੇ ਭਿਖੀਵਿੰਡ ਵਿਚ ਬੂਥਾਂ ਉੱਤੇ ਕਬਜ਼ਾ ਕੀਤਾ ਗਿਆ ਤੇ ਅਕਾਲੀ ਦਲ ਦੇ ਸਾਬਕਾ ਵਿਧਾਇਕ ਵਿਰਸਾ ਸਿੰਘ ਵਲਟੋਹਾ ਅਤੇ ਉਨ੍ਹਾਂ ਦੇ ਪੁੱਤਰ ਸਮੇਤ ਪੰਜ ਜਣਿਆਂ ਉੱਤੇ ਝੂਠਾ ਕੇਸ ਦਰਜ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਖੰਨਾ ਦੇ ਵਾਰਡ ਨੰਬਰ 26 ਤੋਂ ਅਕਾਲੀਉਮੀਦਵਾਰ ਰਾਜਿੰਦਰ ਸਿੰਘ ਜੀਤ ਦੀ ਪਤਨੀ ਅਤੇ ਵਾਰਡ ਨੰਬਰ 25 ਤੋਂ ਉਮੀਦਵਾਰ ਜਸਵਿੰਦਰ ਕੌਰ ਦੇ ਘਰ ਉੱਤੇਹਮਲਾ ਹੋਇਆ ਤੇ ਉਲਟਾ ਉਨ੍ਹਾਂ ਦੇ 13 ਜੀਆਂ ਉੱਤੇ ਪੁਲਸ ਨੇਪਰਚਾ ਕਰ ਦਿੱਤਾ ਹੈ।



## ਅੱਜ ਨਾਮਾ

ਜਿਹੜਾ ਸ਼ੱਕ ਸੀ, ਅੰਤ ਵਿੱਚ ਓਹੀ ਹੋਈ,
ਹਿੰਸਾ ਚੋਣ ਵਿੱਚ ਭਾਰੂ ਫਿਰ ਰਹੀ ਮੀਆਂ।
ਚੁੱਕਿਆ ਸਿਰ ਨਹੀਂ ਚੋਣ ਅਧਿਕਾਰੀਆਂ ਨੇ,
ਪ੍ਰਕਿਰਿਆ ਚੋਣ ਦੀ ਲੀਹੋਂ ਸੀ ਲਹੀ ਮੀਆਂ।
ਚੰਡੀਗੜ੍ਹ ਤੋਂ ਜੀਹਦੇ ਲਈ ਤਾਰ ਖੜਕੀ,
ਅਫਸਰਾਂ ਮੰਨੀ ਹੈ ਓਸੇ ਦੀ ਕਹੀ ਮੀਆਂ।
ਜਿਸ ਦੇ ਨਾਲ ਬਦਮਾਸ਼ਾਂ ਦੀ ਧਾੜ ਤਕੜੀ,
ਉਸ ਨੇ ਗਲਤ ਵੀ ਕੀਤਾ ਤਾਂ ਸਹੀ ਮੀਆਂ।
ਰੌਲਾ-ਗੌਲਾ ਇਹ ਪਾਉਣ ਦੀ ਲੋੜ ਕੀ ਆ,
ਲੋਕਾਂ ਨੂੰ ਖੱਜਲ ਕਰਾਉਣ ਦੀ ਲੋੜ ਕੀ ਆ।
ਨਾਮਜ਼ਦ ਮੈਂਬਰ ਹੀ ਕਾਹਤੋਂ ਨਾ ਕਰੇ ਜਾਂਦੇ,
ਦੂਸ਼ਣ ਲਾਉਣ-ਲਵਾਉਣ ਦੀ ਲੋੜ ਕੀ ਆ।

**ਤੀਸ ਮਾਰ ਖਾਂ**

# ਸਾਬਕਾ ਚੀਫ਼ ਜਸਟਿਸ ਨੇ ਚੁੱਪ ਤੋੜੀ: ਭਾਰਤ ਦੀ ਨਿਆਂ ਵਿਵਸਥਾ 'ਖਸਤਾ', ਅਦਾਲਤ ਵਿੱਚ ਕੋਈ ਜਾਣਾ ਹੀ ਨਹੀਂ ਚਾਹੁੰਦਾ : ਗੋਗੋਈ

ਨਵੀਂ ਦਿੱਲੀ, 14 ਫਰਵਰੀ, (ਪੋਸਟ ਬਿਊਰੋ)- ਭਾਰਤ ਦੇ ਸਾਬਕਾ ਚੀਫ਼ ਜਸਟਿਸ ਰੰਜਨ ਗੋਗੋਈ ਨੇ ਆਪਣੇ ਦੇਸ਼ ਵਿੱਚ ਨਿਆਂ ਪਾਲਿਕਾ ਦੀ ਹਾਲਾਤ ਉੱਤੇ ਸਵਾਲ ਉਠਾਇਆ ਅਤੇ ਇਸ ਨੂੰ 'ਖਸਤਾ' ਕਰਾਰ ਦਿੱਤਾ ਹੈ। ਉਨ੍ਹਾਂ ਏਥੋਂ ਤੱਕ ਕਿਹਾ ਕਿ ਅੱਜ ਕੱਲ੍ਹ ਕੋਈ ਵਿਅਕਤੀ ਅਦਾਲਤ ਵਿੱਚ ਜਾਣਾ ਹੀ ਨਹੀਂ ਜਾਣਾ ਚਾਹੁੰਦਾ। ਜਸਟਿਸ ਗੋਗੋਈ ਨਵੰਬਰ 2019 ਵਿੱਚ ਮੁੱਖ ਜੱਜ ਦੇ ਅਹੁਦੇ ਤੋਂ ਰਿਟਾਇਰ ਹੋਏ ਅਤੇ ਸਰਕਾਰ ਨੇ ਮਾਰਚ 2020 ਵਿੱਚ ਉਨ੍ਹਾਂ ਨੂੰ ਪਾਰਲੀਮੈਂਟ ਦੇ ਉਤਲੇ ਹਾਊਸ ਰਾਜ ਸਭਾ ਦਾ ਮੈਂਬਰ ਨਾਮਜ਼ਦ ਕਰ ਦਿੱਤਾ ਸੀ।ਉਨ੍ਹਾਂ ਦੀ ਇਹ ਟਿਪਣੀ ਵਿਵਾਦ ਪੈਦਾ ਕਰ ਸਕਦੀ ਹੈ। ਇੱਕ ਨਿਊਜ਼ ਚੈਨਲ ਨਾਲ ਗੱਲਬਾਤ ਦੌਰਾਨ ਸਾਬਕਾ ਚੀਫ ਜਸਟਿਸ ਰੰਜਨ ਗੋਗੋਈ ਨੇ ਕਿਹਾ ਕਿ ਅੱਜ ਉਹੀ ਲੋਕ ਅਦਾਲਤ ਵਿੱਚ ਜਾਂਦੇ ਹਨ,ਜਿਹੜੇ ਲੋਕ ਕੁਝ ਰਿਸਕ ਉਠਾ ਸਕਦੇ ਹਨ। ਉਨ੍ਹਾ ਨੇ ਕਿਹਾ ਕਿ ਆਮ ਆਦਮੀ ਅਦਾਲਤ ਵੱਲ ਜਾਣ ਤੋਂ ਘਬਰਾਉਂਦਾ ਹੈ ਤੇ ਜੇ ਚਲਾ ਜਾਵੇ, ਓਥੇ ਜਾ ਕੇ ਵੀ ਘਬਰਾਉਂਦਾ ਹੈ। ਉਨ੍ਹਾਂ ਕਿਹਾ ਕਿ ਅੱਜਕੱਲ੍ਹ ਵੱਡੇ ਕਾਰਪੋਰੇਟ ਘਰਾਣੇ ਹੀ ਅਦਾਲਤਾਂ ਵਿੱਚ ਜਾਂਦੇ ਹਨ। ਪਾਰਲੀਮੈਂਟਦੇ ਹੇਠਲੇ ਹਾਊਸ ਲੋਕ ਸਭਾ ਵਿੱਚ ਤ੍ਰਿਣਮੂਲ ਕਾਂਗਰਸ ਦੀ ਮੈਂਬਰ ਮਹੂਆ ਮੋਇਤਰਾ ਵੱਲੋਂ ਕਾਨੂੰਨੀ ਕਾਰਵਾਈ ਬਾਰੇ ਪੁੱਛੇ ਜਾਣ ਉੱਤੇ ਜਸਟਿਸ ਰੰਜਨ ਗੋਗੋਈ ਨੇ ਕਿਹਾ ਕਿ ਅੱਜ ਜੇ ਤੁਸੀਂ ਅਦਾਲਤ ਵਿੱਚ ਜਾਂਦੇ ਹੋ ਤਾਂ ਆਪਣੇ ਨਿੱਜੀ ਮਾਮਲੇ ਹੀ ਜੱਗ ਜ਼ਾਹਿਰ ਕਰਦੇ ਹੋ। ਜਸਟਿਸ ਗੋਗੋਈ ਨੇ ਇਸ ਮੌਕੇ ਭਾਰਤੀ ਨਿਆਂ ਪਾਲਿਕਾ ਦੇ ਅੰਦਰ ਵੱਡੀਆਂ ਤਬਦੀਲੀਆਂ ਦੀ ਗੱਲ ਕਰਦੇ ਹੋਏ ਕਿਹਾ ਕਿ ਤੁਸੀਂ ਦੇਸ਼ ਦੀ 5 ਟ੍ਰਿਲੀਅਨ ਡਾਲਰ ਦੀ ਅਰਥ ਵਿਵਸਥਾ ਚਾਹੁੰਦੇ ਹੋ, ਪਰ ਤੁਹਾਡੀ ਨਿਆਂ ਵਿਵਸਥਾ ਖਸਤਾ ਹੈ। ਉਨ੍ਹਾਂ ਕਿਹਾ ਕਿ ਤੁਸੀਂ ਜੱਜਾਂ ਨੂੰ ਓਦਾਂ ਨਿਯੁਕਤ ਨਹੀਂ ਕਰ ਸਕਦੇ, ਜਿਵੇਂ ਸਰਕਾਰ ਅਫ਼ਸਰ ਨਿਯੁਕਤ ਕਰਦੇ ਹੋ। ਉਨ੍ਹਾ ਕਿਹਾ ਕਿ ਜੱਜ ਨੂੰ 24 ਘੰਟੇ ਕੰਮ ਕਰਨਾ ਪੈਂਦਾ ਹੈ। ਸਵਾਲਾਂ ਦੇ ਜੁਆਬ ਦਿੰਦਿਆਂ ਜਸਟਿਸ ਰੰਜਨ ਗੋਗੋਈ ਨੇ ਕਿਹਾ ਕਿ ਅਯੁੱਧਿਆ ਤੇ ਰਾਫ਼ੇਲ ਲਈ ਦਿੱਤੇ ਫ਼ੈਸਲਿਆਂ ਦੇ ਬਦਲੇ ਵਜੋਂ ਕੀ ਸਿਰਫ਼ ਰਾਜ ਸਭਾ ਦੀ ਮੈਂਬਰੀ ਨਾਲ ਤਸੱਲੀ ਕੀਤੀ ਜਾ ਸਕਦੀ ਹੈ। ਉਨ੍ਹਾਂ ਨੇ ਆਪਣੇ ਉੱਤੇ ਲੱਗਦੇ ਇਹੋ ਜਿਹੇ ਸਾਰੇ ਦੋਸ਼ਾਂ ਨੂੰ ਬੇਬੁਨਿਆਦ ਦੱਸਿਆ ਅਤੇ ਨਿਆਂ ਪਾਲਿਕਾ ਵਿੱਚ ਸੁਧਾਰ ਦੀ ਲੋੜ ਦੀ ਗੱਲ ਕੀਤੀ।



## ਬਾਜਵਾ ਨੂੰ ਸੁਰੱਖਿਆ ਦੇਣ ਲਈ ਕੇਂਦਰ ਸਰਕਾਰ ਵੱਲੋਂ ਹਾਂ, ਲੌਂਗੋਵਾਲ ਨੂੰ ਨਾਂਹ

* ਬਾਜਵਾ ਨੂੰ ਪੰਜਾਬਦੀ ਸੁਰੱਖਿਆ ਦੇਣੀ ਵੀ ਕੇਂਦਰ ਨੇ ਠੀਕ ਮੰਨੀ
* ਲੌਂਗੋਵਾਲ ਵੱਲੋਂ ਸੁਰੱਖਿਆ ਲਈ ਕੇਂਦਰ ਨੂੰ ਬੇਨਤੀ ਬੇਨਤੀਜਾ ਰਹੀ

ਚੰਡੀਗੜ੍ਹ, 13 ਫਰਵਰੀ (ਪੋਸਟ ਬਿਊਰੋ)- ਭਾਰਤ ਸਰਕਾਰ ਨੇ ਰਾਜ ਸਭਾ ਮੈਂਬਰ ਅਤੇ ਕਾਂਗਰਸੀ ਆਗੂ ਪ੍ਰਤਾਪ ਸਿੰਘ ਬਾਜਵਾ ਨੂੰ ਪੰਜਾਬ ਸਰਕਾਰ ਤੋਂ ਸੁਰੱਖਿਆ ਦਿਵਾਉਣ ਲਈ ਉਨ੍ਹਾਂ ਦਾ ਪੱਖ ਠੀਕ ਮੰਨਿਆ ਹੈ, ਪਰ ਸਾਬਕਾ ਮੰਤਰੀ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੂੰ ਕੇਂਦਰੀ ਸੁਰੱਖਿਆ ਦੇਣ ਤੋਂ ਸਿਰ ਫੇਰ ਦਿੱਤਾ ਹੈ। ਗ੍ਰਹਿ ਮੰਤਰਾਲੇ ਨੇ ਚੀਫ ਸੈਕਟਰੀ ਪੰਜਾਬ ਨੂੰ ਗੁਪਤ ਪੱਤਰ ਭੇਜ ਕੇ ਬਾਜਵਾ ਦੀ ਸੁਰੱਖਿਆ ਦਾ ਮਾਮਲਾ ਨਜਿੱਠਣ ਅਤੇ ਕੇਂਦਰੀ ਸੁਰੱਖਿਆ ਤੋਂ ਬਿਨਾ ਬਾਜਵਾ ਰਾਜ ਸਰਕਾਰ ਵੱਲੋਂ ਢੁੱਕਵੇਂ ਪ੍ਰਬੰਧਾਂ ਲਈ ਕਿਹਾ ਹੈ।

ਪਾਰਲੀਮੈਂਟ ਮੈਂਬਰ ਪ੍ਰਤਾਪ ਸਿੰਘ ਬਾਜਵਾ ਨੇ ਮੰਤਰਾਲੇ ਨੂੰ ਪੱਤਰ ਲਿਖ ਕੇ ਵਾਧੂ ਪਾਇਲਟ/ਐਸਕਾਰਟ ਗੱਡੀ ਦੀ ਮੰਗ ਕੀਤੀ ਸੀ, ਜਿਸ ਬਾਰੇ ਗ੍ਰਹਿ ਮੰਤਰਾਲੇ ਨੇ ਕੇਂਦਰੀ ਸੁਰੱਖਿਆ ਏਜੰਸੀ ਨਾਲ ਵਿਚਾਰ ਕੀਤਾ ਸੀ। ਗ੍ਰਹਿ ਮੰਤਰਾਲੇ ਨੇ ਬਾਜਵਾ ਨੂੰ ਜ਼ੈੱਡ ਕੈਟਗਿਰੀ ਸੁਰੱਖਿਆ ਦਿੱਤੀ ਹੋਈ ਸੀ, ਜਿਸ ਵਿੱਚ 25 ਸੁਰੱਖਿਆ ਮੁਲਾਜ਼ਮ, ਪਾਇਲਟ/ਐਸਕਾਰਟ ਗੱਡੀ ਤੋਂ ਇਲਾਵਾ ਦੋ ਡਰਾਈਵਰ ਵੀ ਦਿੱਤੇ ਹੋਏ ਸਨ। ਪੰਜਾਬ ਸਰਕਾਰ ਨੇ ਵੀ ਪਹਿਲਾਂ ਬਾਜਵਾ ਨੂੰ 14 ਪੁਲਸ ਮੁਲਾਜ਼ਮਾਂ ਸਮੇਤ ਡਰਾਈਵਰ ਤੇ ਐਸਕਾਰਟ ਗੱਡੀ ਦਿੱਤੀ ਹੋਈ ਸੀ, ਪਰ ਪਿਛਲੇ ਸਾਲ 23 ਮਾਰਚ ਨੂੰ ਕੋਵਿਡ ਮਹਾਮਾਰੀ ਕਰਕੇ ਕੁਝ ਸੁਰੱਖਿਆ ਮੁਲਾਜ਼ਮ ਵਾਪਸ ਲੈ ਲਏ ਸਨ। ਜਦ ਪੰਜਾਬ ਵਿੱਚ ਸ਼ਰਾਬ ਨਾਲ ਵੱਡੀ ਗਿਣਤੀ ਵਿੱਚ ਮੌਤਾਂ ਹੋਈਆਂ ਸਨ ਤਾਂ ਪ੍ਰਤਾਪ ਸਿੰ ਘਬਾਜਵਾ ਅਤੇ ਸ਼ਮਸ਼ੇਰ ਸਿੰਘ ਦੂਲੋ ਨੇ ਸ਼ਰਾਬ ਮਾਫ਼ੀਆ ਮਾਮਲੇ ਵਿੱਚ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲ ਨਿਸ਼ਾਨੇ ਸੇਧੇ ਸਨ। ਇਸ ਮਗਰੋਂ ਪੰਜਾਬ ਸਰਕਾਰ ਨੇ ਬਾਜਵਾ ਦੀ ਪੂਰੀ ਸੁਰੱਖਿਆ ਵਾਪਸ ਲੈ ਲਈ ਅਤੇ ਕਿਹਾ ਸੀ ਕਿ ਬਾਜਵਾ ਨੂੰ ਕੋਈ ਖ਼ਤਰਾ ਨਹੀਂ। ਕੁਝ ਸਮਾਂ ਮਹੀਨਾ ਪਹਿਲਾਂ ਬਾਜਵਾ ਨੇ ਡੀ ਜੀ ਪੀ ਪੰਜਾਬ ਨੂੰ ਪੱਤਰ ਲਿਖ ਕੇ ਮੁੜ ਸੁਰੱਖਿਆ ਮੰਗੀ ਤਾਂ ਪੰਜਾਬ ਸਰਕਾਰ ਨੇ ਕੋਈ ਹੁੰਗਾਰਾ ਨਹੀਂ ਭਰਿਆ ਪਰ ਕੇਂਦਰ ਸਰਕਾਰ ਨੇ ਬਾਜਵਾ ਦੀ ਸੁਰੱਖਿਆ ਬਾਰੇ ਫ਼ਿਕਰ ਜ਼ਾਹਿਰ ਕੀਤਾ ਅਤੇ ਪੰਜਾਬ ਸਰਕਾਰ ਨੂੰ ਇਸ ਬਾਰੇ ਲਿਖਿਆ ਹੈ।

ਇਸੇ ਤਰ੍ਹਾਂ ਸ਼੍ਰੋਮਣੀ ਕਮੇਟੀ ਦੇ ਸਾਬਕਾ ਪ੍ਰਧਾਨ ਅਤੇ ਸਾਬਕਾ ਮੰਤਰੀ ਗੋਬਿੰਦ ਸਿੰਘ ਲੌਂਗੋਵਾਲ ਨੇ 1 ਦਸੰਬਰ 2020 ਨੂੰ ਕੇਂਦਰੀ ਗ੍ਰਹਿ ਮੰਤਰੀ ਨੂੰ ਪੱਤਰ ਲਿਖ ਕੇ ਸੁਰੱਖਿਆ ਦੀ ਮੰਗ ਕੀਤੀ ਸੀ, ਜਿਸ ਵਿੱਚ ਉਨ੍ਹਾਂ ਨੇ ਕਿਹਾ ਸੀ ਕਿ ਪੰਜਾਬ ਸਰਕਾਰ ਨੇ ਉਨ੍ਹਾਂ ਨੂੰ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਵਜੋਂ ਦਿੱਤੀ ਸੁਰੱਖਿਆ ਵਾਪਸ ਲੈ ਲਈ ਹੈ। ਉਨ੍ਹਾਂ ਹਵਾਲਾ ਦਿੱਤਾ ਸੀ ਕਿ ਉਹ ਸੰਤ ਹਰਚੰਦ ਸਿੰਘ ਲੌਂਗੋਵਾਲ ਦੇ ਕਤਲ ਕੇਸ ਦੇ ਇਕਲੌਤੇ ਗਵਾਹ ਬਚੇ ਹਨ ਅਤੇ ਉਨ੍ਹਾਂ ਨੂੰ ਖਾੜਕੂਆਂ ਤੋਂ ਧਮਕੀਆਂ ਮਿਲ ਰਹੀਆਂ ਹਨ। ਕੇਂਦਰੀ ਗ੍ਰਹਿ ਮੰਤਰਾਲੇ ਨੇ ਚੀਫ ਸੈਕਟਰੀ ਪੰਜਾਬ ਨੂੰ ਭੇਜੇ ਪੱਤਰ ਵਿੱਚ ਲਿਖਿਆ ਹੈ ਕਿ ਮੰਤਰਾਲੇ ਵੱਲੋਂ ਗੋਬਿੰਦ ਸਿੰਘ ਲੌਂਗੋਵਾਲ ਦੀ ਸੁਰੱਖਿਆ ਦੇ ਮਾਮਲੇ ਨੂੰ ਕੇਂਦਰੀ ਸੁਰੱਖਿਆ ਏਜੰਸੀ ਨਾਲ ਵਿਚਾਰਿਆ ਗਿਆ ਤਾਂ ਪਤਾ ਲੱਗਾ ਕਿ ਇਸ ਵੇਲੇ ਲੌਂਗੋਵਾਲ ਨੂੰ ਖਾੜਕੂਆਂ ਤੋਂ ਕੋਈ ਖਤਰਾ ਨਹੀਂ ਹੈ। ਗ੍ਰਹਿ ਮੰਤਰਾਲੇ ਨੇ ਲਿਖਿਆ ਹੈ ਕਿ ਪੰਜਾਬ ਸਰਕਾਰ ਸਥਾਨਕ ਖ਼ਤਰੇ ਨੂੰ ਭਾਂਪਦੇ ਹੋਏ ਲੌਂਗੋਵਾਲ ਦੀ ਸੁਰੱਖਿਆ ਦਾ ਮਾਮਲਾ ਨਜਿੱਠ ਸਕਦੀ ਹੈ।

# ਡੋਨਾਲਡ ਟਰੰਪ ਦੂਸਰੀ ਵਾਰ ਵੀ ਸੈਨੇਟ ਵਿੱਚੋਂ ਮਹਾਦੋਸ਼ ਤੋਂ ਬਰੀ

* ਵਿਰੋਧ ਲਈ ਦੋ-ਤਿਹਾਈ ਵੋਟਾਂ ਨਹੀਂ ਭੁਗਤ ਸਕੀਆਂ




ਵਾਸ਼ਿੰਗਟਨ, 14 ਫਰਵਰੀ, (ਪੋਸਟ ਬਿਊਰੋ)- ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਨੂੰ ਸੈਨੇਟ ਨੇ ਦੂਸਰੀ ਵਾਰ ਵੀ ਵਿਰੋਧ ਵਿੱਚ ਦੋ-ਤਿਹਾਈ ਵੋਟਾਂ ਨਾਭੁਗਤਣ ਕਾਰਨਮਹਾਦੋਸ਼ ਦੇ ਕੇਸ ਤੋਂ ਬਰੀ ਕਰ ਦਿੱਤਾ ਹੈ।

ਵਰਨਣ ਯੋਗ ਹੈ ਕਿ ਛੇ ਜਨਵਰੀ ਨੂੰ ਅਮਰੀਕੀ ਪਾਰਲੀਮੈਂਟ ਭਵਨ ਉੱਤੇ ਭੀੜ ਵੱਲੋਂ ਹੋਏ ਹਮਲੇ ਬਾਰੇ ਉਨ੍ਹਾਂ ਦੇ ਖ਼ਿਲਾਫ਼ ਮਹਾਦੋਸ਼ ਦੀ ਪ੍ਰਕਿਰਿਆ ਚਲਾਈ ਗਈ ਸੀ। ਇਹ ਮਤਾ ਹੇਠਲੇ ਹਾਊਸ ਤੋਂ ਪਾਸ ਹੋਣ ਮਗਰੋਂ ਜਦੋਂ ਸੈਨੇਟ ਵਿੱਚ ਗਿਆ ਤਾਂ ਓਥੇ ਲੰਮੀ ਬਹਿਸ ਦੇ ਬਾਅਦ ਅੱਜ 57 ਸੈਨੇਟਰਾਂ ਨੇ ਮਹਾਦੋਸ਼ ਦੇ ਪੱਖ ਵਿਚ ਵੋਟ ਦਿੱਤੇ ਅਤੇ 43 ਸੈਨੇਟਰਾਂ ਨੇ ਮਤੇ ਦੇ ਵਿਰੁੱਧ ਵੋਟ ਪਾਏ। ਡੋਨਾਲਡ ਟਰੰਪ ਨੂੰ ਦੋਸ਼ੀ ਕਰਾਰ ਦੇਣ ਦੇ ਲਈ ਦੋ-ਤਿਹਾਈ (67 ਮੈਂਬਰਾਂ ਦੀਆਂ) ਵੋਟਾਂ ਦੀ ਲੋੜ ਸੀ, ਪਰ ਏਨੀਆਂ ਨਾ ਮਿਲਣ ਕਾਰਨ ਟਰੰਪ ਨੂੰ ਬਰੀ ਕਰ ਦਿੱਤਾ ਗਿਆ। ਸਾਰੇ 50 ਡੈਮੋਕ੍ਰੇਟ ਮੈਂਬਰਾਂ ਨਾਲ ਟਰੰਪ ਦੀ ਰਿਪਬਲਿਕਨ ਪਾਰਟੀ ਦੇ ਸੱਤ ਸੈਨੇਟਰਾਂ ਨੇ ਟਰੰਪ ਦੇ ਖਿਲਾਫ ਵੋਟ ਪਾਈ ਹੈ। ਕੁੱਲ 100 ਮੈਂਬਰੀ ਸੈਨੇਟ ਵਿਚ ਇਸ ਵਕਤ ਡੈਮੋਕ੍ਰੇਟਿਕ ਪਾਰਟੀ ਅਤੇ ਰਿਪਬਲਿਕਨ ਪਾਰਟੀ ਦੋਵਾਂ ਦੇ 50-50 ਐੱਮਪੀਜ਼ ਹਨ। ਮਹਾਦੋਸ਼ ਦੇ ਦੌਰਾਨ ਟਰੰਪ ਨੂੰ ਦੋਸ਼ੀ ਠਹਿਰਾਉਣ ਲਈ 67 ਵੋਟਾਂ ਦੀ ਲੋੜ ਸੀ। ਜੇ ਕਿਸੇ ਕਾਰਨ ਬਰਾਬਰ ਵੋਟਾਂ ਰਹਿੰਦੀਆਂ ਤਾਂ ਡੈਮੋਕ੍ਰੇਟਿਕ ਪਾਰਟੀ ਦੀ ਨੇਤਾ ਅਤੇ ਉਪ ਰਾਸ਼ਟਰਪਤੀ ਕਮਲਾ ਹੈਰਿਸ ਆਪਣਾ ਵੋਟ ਪਾ ਸਕਦੀ ਸੀ।

ਡੋਨਾਲਡ ਟਰੰਪ ਅਮਰੀਕੀ ਇਤਿਹਾਸ ਦੇ ਪਹਿਲੇ ਅਜਿਹੇ ਰਾਸ਼ਟਰਪਤੀ ਹਨ, ਜਿਨ੍ਹਾਂ ਦੇ ਖ਼ਿਲਾਫ਼ ਪ੍ਰਤੀਨਿਧੀ ਸਭਾ ਨੇ ਦੋ ਵਾਰ ਮਹਾਦੋਸ਼ ਚਲਾਇਆ ਹੈ ਅਤੇ ਉਹ ਪਹਿਲੇ ਅਜਿਹੇ ਸਾਬਕਾ ਰਾਸ਼ਟਰਪਤੀ ਹਨ, ਜਿਨ੍ਹਾਂ ਉੱਤੇ ਅਹੁਦੇ ਤੋਂ ਹਟਣ ਪਿੱਛੋਂ ਮਹਾਦੋਸ਼ ਚਲਾਇਆ ਗਿਆ ਹੈ। ਇਸ ਤੋਂ ਪਹਿਲਾਂ ਸੈਨੇਟ ਉਨ੍ਹਾਂ ਨੂੰ ਪੰਜ ਫਰਵਰੀ 2020 ਨੂੰ ਇਕ ਵਾਰ ਬਰੀ ਕਰ ਚੁੱਕੀ ਹੈ। ਓਦੋਂ ਉਨ੍ਹਾਂ ਉੱਤੇਪਾਰਲੀਮੈਂਟ ਦੇ ਕੰਮਾਂ ਵਿਚ ਰੁਕਾਵਟ ਪਾਉਣ ਲਈ ਤਾਕਤਾਂ ਦੀ ਦੁਰਵਰਤੋਂ ਕਰਨ ਦਾ ਦੋਸ਼ ਸੀ। ਡੈਮੋਕ੍ਰੇਟ ਮੈਂਬਰਾਂ ਨੇ ਦਸੰਬਰ 2019 ਵਿਚ ਦੋਸ਼ ਲਾਇਆ ਸੀ ਕਿ ਡੋਨਾਲਡ ਟਰੰਪ ਨੇ ਵਿਰੋਧੀ ਆਗੂ ਬਾਇਡਨ ਨੂੰ ਭ੍ਰਿਸ਼ਟਾਚਾਰ ਦੇ ਇੱਕ ਕੇਸ ਵਿਚ ਫਸਾਉਣ ਲਈ ਯੂਕਰੇਨ ਦੇ ਰਾਸ਼ਟਰਪਤੀ ਉੱਤੇ ਦਬਾਅ ਪਾਇਆ ਸੀ।

ਤਾਜ਼ਾ ਫ਼ੈਸਲੇ ਦੇ ਐਲਾਨ ਦੇ ਕੁਝ ਦੇਰ ਪਿੱਛੋਂ ਟਰੰਪ ਨੇ ਬਿਆਨ ਜਾਰੀ ਕਰ ਕੇ ਕਿਹਾ ਕਿ ਕੋਈ ਰਾਸ਼ਟਰਪਤੀ ਇਸ ਤਰ੍ਹਾਂ ਦੀ ਕਾਰਵਾਈ ਤੋਂ ਨਹੀਂ ਲੰਘਿਆ ਹੋਵੇਗਾ। ਉਨ੍ਹਾਂ ਕਿਹਾ ਕਿ ਇਹ ਦੇਖ ਕੇ ਦੁੱਖ ਹੁੰਦਾ ਹੈ ਕਿ ਇਕ ਸਿਆਸੀ ਪਾਰਟੀ ਨੂੰ ਕਾਨੂੰਨ ਦੇ ਸ਼ਾਸਨ ਨੂੰ ਬਦਨਾਮ ਕਰਨ ਦੇ ਲਈ ਖੁੱਲ੍ਹੀ ਛੋਟ ਦਿੱਤੀ ਗਈ ਹੈ। ਆਪਣੇ ਵਕੀਲਾਂ ਦਾ ਧੰਨਵਾਦ ਕਰਦੇ ਹੋਏ ਟਰੰਪ ਨੇ ਕਿਹਾ ਕਿ ਉਨ੍ਹਾਂ ਦਾ ਸਿਆਸੀ ਕਰੀਅਰ ਖ਼ਤਮ ਕਰਨ ਦਾ ਡੈਮੋਕ੍ਰੇਟਸ ਦਾ ਯਤਨ ਨਾਕਾਮ ਹੋ ਗਿਆ ਹੈ। ਟਰੰਪ ਨੇ ਆਪਣੇ ਸਮਰਥਕਾਂ ਨੂੰ ਕਿਹਾ ਕਿ 'ਮੇਕ ਅਮਰੀਕਾ ਗ੍ਰੇਟ ਅਗੇਨ' ਅਸਲ ਵਿੱਚ ਅੱਜ ਸ਼ੁਰੂ ਹੋਇਆ ਹੈ, ਅਗਲੇ ਸਮੇਂ ਵਿੱਚ ਤੁਹਾਡੇ ਨਾਲ ਸਾਂਝਾ ਕਰਨ ਲਈ ਬਹੁਤ ਕੁਝ ਹੈ, ਅਮਰੀਕੀ ਮਹਾਨਤਾ ਲਈ ਯਾਤਰਾ ਨੂੰ ਜਾਰੀ ਰਖਣ ਲਈ ਤਤਪਰ ਹਾਂ।

ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਨੇ ਕਿਹਾ ਕਿ ਸੈਨੇਟ ਵੱਲੋਂ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਨੂੰ ਕੈਪੀਟਲ (ਪਾਰਲੀਮੈਂਟ ਭਵਨ) ਵਿਚ ਛੇ ਜਨਵਰੀ ਦੀ ਹਿੰਸਾ ਦੇ ਕੇਸ ਵਿਚ ਬਰੀ ਕਰਨਾ ਦੱਸਦਾ ਹੈ ਕਿ ਲੋਕਤੰਤਰ ਨਾਜ਼ੁਕ ਹੈ ਅਤੇ ਸੱਚ ਦੀ ਰਾਖੀ ਕਰਨਾ ਹਰ ਅਮਰੀਕੀ ਦਾ ਫਰਜ਼ ਹੈ। ਉਨ੍ਹਾਂ ਕਿਹਾ ਕਿ ਹਿੰਸਾ ਤੇ ਕੱਟੜਵਾਦ ਦੀ ਅਮਰੀਕਾ ਵਿਚ ਕੋਈ ਥਾਂ ਨਹੀਂ ਹੈ ਅਤੇ ਸੱਚ ਦਾ ਬਚਾਅ ਕਰਨਾ ਅਤੇ ਝੂਠ ਨੂੰ ਹਰਾਉਣਾ ਹਰ ਅਮਰੀਕੀ, ਅਤੇ ਖ਼ਾਸ ਕਰ ਕੇ ਨੇਤਾਵਾਂ ਦੇ ਤੌਰ ਉੱਤੇ ਸਾਡੀ ਸਭ ਦੀ ਜ਼ਿੰਮੇਵਾਰੀ ਹੈ।

# ਇਮਰਾਨ ਨੇ ਵਿਰੋਧੀਆਂ ਨੂੰ ਦਬਾਉਣ ਲਈ ਐੱਨ ਜੀ ਓ ਦਾ ਸ਼ਿਕੰਜਾ ਕੱਸਿਆ



ਇਸਲਾਮਾਬਾਦ, 14 ਫਰਵਰੀ, (ਪੋਸਟ ਬਿਊਰੋ)- ਪਾਕਿਸਤਾਨੀ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਨੇ ਆਪਣੇ ਖ਼ਿਲਾਫ਼ ਵਧ ਰਹੇ ਵਿਰੋਧ ਨੂੰ ਦਬਾਉਣ ਲਈ ਗ਼ੈਰ-ਸਰਕਾਰੀ ਸੰਗਠਨਾਂ (ਐੱਨ ਜੀ ਓਜ਼) ਉੱਤੇ ਦੋਸ਼ ਲਾਇਆ ਹੈ ਕਿ ਇਹ ਸੰਗਠਨ ਦੇਸ਼ ਦੇ ਖ਼ਿਲਾਫ਼ ਕੰਮ ਕਰਦੇ ਅਤੇ ਦੁਸ਼ਮਣ ਦੇਸ਼ ਦੇ ਏਜੰਡੇ ਨੂੰ ਲਾਗੂ ਕਰਨ ਦੀ ਕੋਸ਼ਿਸ਼ ਕਰਦੇ ਹਨ।

ਵਰਨਣ ਯੋਗ ਕਿ ਪਾਕਿਸਤਾਨ ਵਿਚ ਬੀਤੇ ਕਈ ਸਾਲਾਂ ਤੋਂ ਸਥਾਨਕ ਅਤੇ ਅੰਤਰਰਾਸ਼ਟਰੀ ਐੱਨ ਜੀ ਓਜ਼ ਦਬਾਅ ਦਾ ਸਾਹਮਣਾ ਕਰ ਰਹੇ ਹਨ। ਪ੍ਰਧਾਨ ਮੰਤਰੀ ਇਮਰਾਨ ਖ਼ਾਨ ਦੇ ਸੱਤਾ ਸੰਭਾਲਣ ਪਿੱਛੋਂ ਦਬਾਅ ਵਧਿਆ ਹੈ। 2018 ਤੋਂ ਬਾਅਦ ਸਰਕਾਰ 18 ਅੰਤਰਰਾਸ਼ਟਰੀ ਐੱਨ ਜੀ ਓ ਨੂੰ ਦੇਸ਼ ਛੱਡਣ ਦਾ ਹੁਕਮ ਦੇ ਚੁੱਕੀ ਹੈ। ਪ੍ਰਧਾਨ ਮੰਤਰੀ ਇਮਰਾਨ ਨੇ ਪਿਛਲੇ ਮਹੀਨੇ ਕੈਬਨਿਟ ਮੀਟਿੰਗ ਦੌਰਾਨ ਐੱਨ ਜੀ ਓਜ਼ ਨੂੰ ਵਿਦੇਸ਼ੀ ਫੰਡਿੰਗ ਹੋਣ ਦਾ ਮੁੱਦਾ ਚੁੱਕਿਆ ਸੀ।

ਪਾਕਿਸਤਾਨ ਵਿਚ ਸਾਊਥ ਏਸ਼ੀਆ ਪਾਰਟਨਰਸ਼ਿਪ ਦੇ ਕਾਰਜਕਾਰੀ ਡਾਇਰੈਕਟਰ ਮੁਹੰਮਦ ਤਹਿਸੀਨ ਨੇ ਕਿਹਾ ਹੈ ਕਿ ਜਿਸ ਤਰ੍ਹਾਂ ਇਮਰਾਨ ਸਰਕਾਰ ਨੇ ਕਈ ਅੰਤਰਰਾਸ਼ਟਰੀ ਐੱਨ ਜੀ ਓ ਉੱਤੇ ਪਾਬੰਦੀਆਂ ਲਾਈਆਂ ਅਤੇ ਸਥਾਨਕ ਐੱਨ ਜੀ ਓ ਲਈ ਪਰੇਸ਼ਾਨੀ ਖੜ੍ਹੀ ਕਰ ਰਹੀ ਹੈ, ਉਹ ਚਿੰਤਾਜਨਕ ਹੈ। ਏਦਾਂ ਦੀਆਂ ਦਿੱਕਤਾਂ ਦਾ ਪਹਿਲਾਂ ਕਦੀ ਵਾਸਤਾ ਨਹੀਂ ਪਿਆ।ਉਨ੍ਹਾਂ ਕਿਹਾ ਕਿ ਇਹ ਸਰਕਾਰ ਮੀਡੀਆ ਨੂੰ ਵੀ ਕੰਟਰੋਲ ਕਰਨਾ ਚਾਹੁੰਦੀ ਹੈ। ਵਾਸ਼ਿੰਗਟਨ ਵਿੱਚ ਵੁਡਰੋ ਵਿਲਸਨ ਸੈਂਟਰ ਫਾਰ ਸਕਾਲਰਸ ਦੇ ਦੱਖਣੀ-ਏਸ਼ੀਆ ਮਾਹਿਰ ਮਾਈਕਲ ਕੁਗਮੈਨ ਨੇ ਕਿਹਾ ਕਿ ਜਿਸ ਦੇਸ਼ ਵਿਚ ਸੀਆਈ ਏ ਦੀ ਮੌਜੂਦਗੀ ਲੰਬੇ ਸਮੇਂ ਤਕ ਰਹੀ ਹੋਵੇ, ਉੱਥੇ ਐੱਨ ਜੀ ਓਵੱਲੋਂ ਵਿਦੇਸ਼ਾਂ ਤੋਂ ਪੈਸਾ ਲੈਣ ਦਾ ਦੋਸ਼ ਲਾਉਣਾ ਬਹੁਤ ਸੌਖਾ ਹੈ। ਪਾਕਿਸਤਾਨ ਵਿਚ ਬਹੁਤੇ ਲੋਕ ਦਾ ਅੱਜ ਵੀ ਮੰਨਦੇ ਹਨ ਕਿ 'ਸੇਵ ਦ ਚਿਲਡਰਨ' ਨਾਮਕ ਮੁਹਿੰਮ ਸੀਆਈਏ ਦਾਇੱਕ ਫ਼ਰਜ਼ੀ ਟੀਕਾਕਰਨ ਪ੍ਰੋਗਰਾਮ ਸੀ, ਇਸ ਦਾ ਅਸਲੀ ਮਕਸਦ ਓਸਾਮਾ ਬਿਨ ਲਾਦੇਨ ਦਾ ਪਤਾ ਲਾਉਣਾ ਸੀ।

## ਬਜ਼ੁਰਗ ਜੋੜੇ ਨੂੰ ਬੰਦੀ ਬਣਾ ਕੇ 24 ਲੱਖ ਦੀ ਲੁੱਟ

ਅੰਮ੍ਰਿਤਸਰ, 13 ਫਰਵਰੀ (ਪੋਸਟ ਬਿਊਰੋ)- ਇਸ ਸ਼ਹਿਰ ਵਿਚਲੇ ਰਾਮਬਾਗ ਥਾਣਾ ਵਿੱਚ ਤਿਲਕ ਨਗਰ ਖੇਤਰ ਵਿੱਚ ਦੋ ਲੁਟੇਰਿਆਂ ਨੇ ਪਿਸਤੌਲ ਦੀ ਨੋਕ ਉੱਤੇ ਰਿਟਾਇਰਡ ਟੀਚਰ ਦੇ ਘਰ ਵਿੱਚ ਲੁੱਟ ਕੀਤੀ ਹੈ। ਰਾਤ ਦੇ ਮੌਕੇ ਦਾ ਲਾਭ ਉਠਾ ਕੇ ਲੁਟੇਰੇ ਇਸ ਘਰ ਵਿੱਚ ਵੜੇ ਅਤੇ ਪਿਸਤੌਲ ਦਿਖਾ ਕੇ ਬਜ਼ੁਰਗ ਜੋੜੇ ਨੂੰ ਬੰਦੀ ਬਣਾ ਕੇ ਉਥੇ ਰੱਖੇ ਲੱਗਭਗ 24 ਲੱਖ ਦੇ ਗਹਿਣੇ ਅਤੇ ਕੁਝ ਨਕਦੀ ਲੈ ਕੇ ਫ਼ਰਾਰ ਹੋ ਗਏ। ਵਾਰਦਾਤ ਦਾ ਵਿਰੋਧ ਕਰਦੇ ਹੋਏ ਬਜ਼ੁਰਗ ਟੀਚਰ ਨੇ ਲੁਟੇਰਿਆਂ ਨਾਲ ਹੱਥੋਪਾਈ ਵੀ ਕੀਤੀ, ਪਰ ਉਹ ਲੁਟੇਰਿਆਂ ਨੂੰ ਰੋਕ ਨਹੀਂ ਪਾਏ। ਜਨਕ ਰਾਜ ਨੇ ਦੱਸਿਆ ਕਿ ਉਹ ਸਰਕਾਰੀ ਸਕੂਲ ਤੋਂ ਰਿਟਾਇਰ ਹੋਣ ਪਿੱਛੋਂ ਪਤਨੀਦੇ ਨਾਲ ਘਰ ਵਿੱਚਰਹਿੰਦੇ ਹਨ। ਕੱਲ੍ਹ ਸਵੇਰੇ ਚਾਰ ਵਜੇ ਦੋ ਹਥਿਆਰਬੰਦ ਨੌਜਵਾਨ ਜ਼ਬਰਦਸਤੀ ਉਨ੍ਹਾਂ ਦੇ ਘਰ ਵਿੱਚ ਵੜ ਗਏ। ਇੱਕ ਨੌਜਵਾਨ ਦੇ ਕੋਲ ਪਿਸਤੌਲ ਤੇ ਦੂਜੇ ਕੋਲ ਦਾਤਰ ਸੀ। ਦੋਵਾਂ ਨੇ ਘਰ ਵਿੱਚ ਰੱਖੇ ਗਹਿਣੇ ਤੇ ਨਕਦੀ ਉਨ੍ਹਾਂ ਦੇ ਸਾਹਮਣੇ ਰੱਖਣ ਨੂੰ ਕਿਹਾ। ਜਨਕ ਰਾਜ ਨੇ ਦੱਸਿਆ ਕਿ ਲੁਟੇਰਿਆਂ ਨੂੰ ਦੇਖ ਕੇ ਪਹਿਲਾਂ ਉਹ ਇੱਕ ਨੌਜਵਾਨ ਨਾਲ ਲੜੇ, ਪਰ ਉਨ੍ਹਾਂ ਨੂੰ ਵੱਖਰੇ ਕਮਰੇ ਵਿੱਚ ਬੰਦ ਕਰ ਕੇ ਲੁਟੇਰੇ ਅਲਮਾਰੀ ਦਾ ਤਾਲਾ ਤੋੜ ਕੇ 24 ਲੱਖ ਰੁਪਏ ਦੇ ਗਹਿਣੇ ਅਤੇ ਨਕਦੀ ਲੈ ਕੇ ਫ਼ਰਾਰ ਹੋ ਗਏ।

## ਭਾਖੜਾ ਨਹਿਰ ਵਿੱਚ ਸਮੱਗਰੀ ਤਾਰਨ ਵੇਲੇ ਡੁੱਬਦੀ ਧੀ ਨੂੰ ਬਚਾਉਂਦੇ ਪਿਓ ਦੀ ਮੌਤ

ਭਰਤਗੜ੍ਹ, 13 ਫਰਵਰੀ (ਪੋਸਟ ਬਿਊਰੋ)- ਕੱਲ੍ਹ ਬਾਅਦ ਦੁਪਹਿਰ ਬੜਾ ਪਿੰਡ ਕੋਲ ਭਾਖੜਾ ਨਹਿਰ ਵਿੱਚ 12 ਸਾਲਾਂ ਦੀ ਕੁੜੀ ਨੂੰ ਡੁੱਬਣ ਤੋਂ ਬਚਾਉਣ ਮੌਕੇ ਉਸ ਦੇ ਪਿਤਾ ਦੀ ਮੌਤ ਹੋ ਜਾਣ ਦੀ ਖ਼ਬਰ ਹੈ।

ਇਸ ਬਾਰੇ ਭਰਤਗੜ੍ਹ ਪੁਲਸ ਚੌਕੀ ਦੇ ਇੰਚਾਰਜ ਬਲਬੀਰ ਸਿੰਘ ਨੇ ਦੱਸਿਆ ਕਿ ਦੋਵੇਂ ਜਣੇ ਮੋਟਰਸਾਈਕਲ ਉੱਤੇ ਬੱਦੀ ਤੋਂ ਬੜਾ ਪਿੰਡ ਕੋਲ ਭਾਖੜਾ ਨਹਿਰ ਵਿੱਚ ਸਮੱਗਰੀ ਜਲ ਪ੍ਰਵਾਹ ਕਰਨ ਆਏ ਸਨ। ਓਥੇ ਜਲ ਪ੍ਰਵਾਹ ਕਰਨ ਮਗਰੋਂ ਪੈਰ ਤਿਲਕਣ ਕਰਕੇ ਲੜਕੀ ਪਾਣੀ ਦੇ ਤੇਜ਼ ਵਹਾਅ ਵਿੱਚ ਰੁੜ੍ਹ ਚੱਲੀ ਸੀ, ਜਿਸ ਦੇ ਬਚਾਅ ਲਈ ਉਸ ਦੇ ਪਿਤਾ ਨੇ ਪਾਣੀ ਦੇ ਤੇਜ਼ ਵਹਾਅ ਵਿੱਚ ਛਾਲ ਮਾਰ ਦਿੱਤੀ। ਰਾਹਗੀਰਾਂ ਨੇ ਭਾਵੇਂ ਨੂੰ ਕੱਢ ਲਿਆ, ਪਰ ਪਾਣੀ ਵਿੱਚੋਂ ਬਾਹਰ ਕੱਢਣ ਤੱਕ ਲੜਕੀ ਦੇ ਪਿਤਾ ਦੀ ਮੌਤ ਹੋ ਗਈ। ਚੌਕੀ ਇੰਚਾਰਜ ਨੇ ਦੱਸਿਆ ਕਿ ਮ੍ਰਿਤਕ ਦੀ ਸ਼ਨਾਖ਼ਤ ਬਬਲੂ (52) ਪੁੱਤਰ ਯਾਦਰਾਮ ਸਿੰਘ, ਵਾਸੀ-ਬੱਦੀ, ਹਿਮਾਚਲ ਪ੍ਰਦੇਸ਼ ਵਜੋਂ ਹੋਈ ਹੈ। ਉਸ ਦੀ ਧੀ ਮਧੂ (12) ਨੂੰ ਇਲਾਜ ਲਈ ਭਰਤਗੜ੍ਹ ਦੇ ਕਮਿਊਨਿਟੀ ਸਿਹਤ ਕੇਂਦਰ ਲਿਜਾਇਆ ਗਿਆ ਹੈ।

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ?
ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ',
ਅਸੀਂ ਕਰਾਂਗੇ 'ਹਾਂ'
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated

19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

NEED A LAWYER ??
KAUR LAW OFFICE
Red Seal NOTARY

MANJEET KAUR
LL.B., (London UK)
Barrister, Solicitor & Notary Public
REAL ESTATE LAWYER
• Residential & Commercial
• Sale/Purchase of House
• Mortgage & Refinancing
• Drafting/Reviewing Agreements
• Title Transfer
• 2nd Mortgage
IMMIGRATION
Skilled Worker Category
Spousal & Family Sponsorship
• Student Permits Visa & Renewals
• PR Renewal/ Citizenship Application
FAMILY LAWYER
• Child & Spousal support
• Custody & Access
• Divorce
• Equalization
BUSINESS LAW
• Incorporation & Shareholder agreements
• Sales & Purchase of Assets & Shares
• Notarization & Affidavits
WILLS & ESTATE
• Wills
• Certificate of Estate Trustee with/without Will
• Power of attorney for Property & Personal Care
Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

SherGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill
(MBA,LL.B.)
Tel: 905-790-3636

2565 Steeles Ave E Unit #20, Brampton, ON L6T 4L6
Emergency Contact:
416.910.5676
www.shergilllawfirm.ca

# ਪੰਜਾਬ ਦੇ ਮੁੱਖ ਮੰਤਰੀ ਦੇ ਸਲਾਹਕਾਰ ਦੀ ਪਤਨੀ ਦੇ ਖਾਤੇ ਵਿੱਚੋਂ 75 ਹਜ਼ਾਰ ਉਡਾ ਲਏ

ਦੁਮਕਾ, 13 ਫਰਵਰੀ (ਪੋਸਟ ਬਿਊਰੋ)- ਝਾਰਖੰਡ ਦੇਦੁਮਕਾ ਵਿੱਚ ਬੈਠ ਕੇ ਸਾਈਬਰ ਦੋਸ਼ੀਆਂ ਨੇ ਮੁੱਖ ਮੰਤਰੀ ਪੰਜਾਬ ਕੈਪਟਨ ਅਮਰਿੰਦਰ ਸਿੰਘ ਦੇ ਸਲਾਹਕਾਰ ਕੇਵਲ ਕ੍ਰਿਸ਼ਨ ਤਲਵਾਰ ਦੀ ਪਤਨੀ ਦੇ ਖਾਤੇ ਵਿੱਚੋਂ 75 ਹਜ਼ਾਰ ਰੁਪਏ ਉਡਾ ਲਏ। ਕੱਲ੍ਹ ਮੋਹਾਲੀ ਤੋਂ ਆਈ ਪੁਲਸ ਨੇ ਰਸਿਕਪੁਰ ਮੁਹੱਲੇ ਤੋਂ 19 ਸਾਲ ਅੰਸ਼ੂ ਕੁਮਾਰ ਮੰਡਲ ਨੂੰ ਗ੍ਰਿਫਤਾਰ ਕੀਤਾ ਤਾਂ ਉਸ ਕੋਲੋਂ 50 ਹਜ਼ਾਰ ਰੁਪਏ ਵੀ ਮਿਲ ਗਏ। ਕੱਲ੍ਹ ਸ਼ਾਮ ਪੰਜਾਬ ਦੇ ਮੋਹਾਲੀ ਥਾਣਾ ਦੀ ਚਾਰ ਮੈਂਬਰੀ ਟੀਮ ਵਾਰੰਟ ਲੈ ਕੇ ਦੁਮਕਾ ਪਹੁੰਚੀ ਅਤੇ ਰਾਤ ਨੂੰ ਪਹਿਲਾਂ ਅੰਸ਼ੂ ਦੇ ਪਾਲੋਜੋਰੀ ਵਾਲੇ ਘਰ ਗਈ, ਪਰ ਉਹ ਉਥੇ ਨਹੀਂ ਲੱਭਾ। ਸਵੇਰੇ ਮੁਫਸਿਸਲ ਥਾਣੇ ਦੀ ਮਦਦ ਨਾਲ ਰਸਿਕਪੁਰ ਵਿੱਚ ਮਕਾਨ ਬਣਵਾ ਰਹੇ ਅੰਸ਼ੂ ਨੂੰ ਜਾ ਫੜਿਆ। ਕੋਵਿਡ ਜਾਂਚ ਪਿੱਛੋਂ ਪੁਲਸ ਨੇ ਅੰਸ਼ੂ ਨੂੰ ਚੀਫ ਜੁਡੀਸ਼ਲ ਮੈਜਿਸਟਰੇਟ ਦੀ ਅਦਾਲਤ ਵਿੱਚ ਪੇਸ਼ ਕੀਤਾ ਤਾਂ ਅਦਾਲਤ ਨੇ ਦੋਸ਼ੀ ਨੂੰ 72 ਘੰਟੇ ਦੇ ਟਰਾਂਜ਼ਿਟ ਰਿਮਾਂਡ ਉੱਤੇ ਲੈ ਜਾਣ ਦਾ ਆਦੇਸ਼ ਦਿੱਤਾ।ਸੀਨੀਅਰਪੁਲਸ ਅਧਿਕਾਰੀ ਅੰਬਰ ਲਾਕੜ੍ਹਾ ਨੇ ਦੱਸਿਆ ਕਿ ਤਿੰਨ ਦਿਨ ਪਹਿਲਾਂ ਪੰਜਾਬ ਪੁਲਸ ਦੀ ਸਾਈਬਰ ਸੈਲ ਨੇ ਦੱਸਿਆ ਸੀ ਕਿ ਦੁਮਕਾ ਦੇ ਸਾਈਬਰ ਦੋਸ਼ੀਆਂ ਨੇ ਮੁੱਖ ਮੰਤਰੀ ਪੰਜਾਬ ਦੇ ਸਲਾਹਕਾਰ ਦੀ ਪਤਨੀ ਦੇ ਖਾਤੇ ਤੋਂ ਪੇਟੀਐਮ ਦੇ ਜ਼ਰੀਏ 75 ਹਜ਼ਾਰ ਰੁਪਏ ਉਡਾ ਲਏ ਹਨ। ਸਾਈਬਰ ਸੈਲ ਨੇ ਉਹ ਮੋਬਾਈਲ ਨੰਬਰ ਵੀ ਦਿੱਤਾ, ਜਿਸ ਦੇ ਰਾਹੀਂ ਪੈਸੇ ਕੱਢਵਾਏ ਗਏ ਸਨ। ਪੜਤਾਲ ਵਿੱਚ ਪਤਾ ਲੱਗਾ ਮੋਬਾਈਲ ਨੰਬਰ ਦੇਵਘਰ ਦੇ ਪਾਲੋਜੋਰੀ ਦਾ ਅੰਸ਼ੂ ਮੰਡਲ ਵਰਤਦਾ ਹੈ।

ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates
ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
CANADIAN GLASS AND WINDOW
SINGH (TOCHI)
416-454-3031
647-784-8240
Email: tochisangha1@hotmail.com

# ਨੌਦੀਪ ਕੌਰ ਦੀ ਰਿਹਾਈ ਲਈ ਮਹਿਲਾ ਕਮਿਸ਼ਨ ਦੀ ਚੇਅਰਪਰਸਨ ਮਨੀਸ਼ਾ ਗੁਲਾਟੀ ਨੇ ਅਮਿਤ ਸ਼ਾਹ ਨਾਲ ਕੀਤੀ ਮੁਲਾਕਾਤ

* ਐੱਨ.ਆਰ.ਆਈ. ਲਾੜਿਆਂ ਦੀ ਠੱਗੀ ਤੋਂ ਕੁੜੀਆਂ ਨੂੰ ਬਚਾਉਣ ਲਈ ਨਵਾਂ ਸਖਤ ਕਾਨੂੰਨ ਘੜਨ ਦੀ ਕੀਤੀ ਮੰਗ



ਨਵੀਂ ਦਿੱਲੀ, 14 ਫਰਵਰੀ (ਪੋਸਟ ਬਿਊਰੋ): ਪੰਜਾਬ ਰਾਜ ਮਹਿਲਾ ਕਮਿਸ਼ਨ ਦੀ ਚੇਅਰਪਰਸਨ ਮਨੀਸ਼ਾ ਗੁਲਾਟੀ ਨੇ ਕਰਨਾਲ ਜੇਲ੍ਹ ਵਿਚ ਬੰਦ ਪੰਜਾਬ ਰਾਜ ਦੀ ਮਜ਼ਦੂਰ ਕਾਰਕੁਨ ਨੌਦੀਪ ਕੌਰ ਦੀ ਰਿਹਾਈ ਲਈ ਭਾਰਤ ਦੇ ਗ੍ਰਹਿ ਮੰਤਰੀ ਅਮਿਤ ਸ਼ਾਹ ਨਾਲ ਮੁਲਾਕਾਤ ਕੀਤੀ। ਇਸ ਦੌਰਾਨ ਅਮਿਤ ਸ਼ਾਹ ਨੇ ਮਾਮਲੇ ਦੀ ਜਾਣਕਾਰਟੀ ਲਈ ਅਤੇ ਜਲਦ ਕਾਰਵਾਈ ਕਰਨ ਦਾ ਭਰੋਸਾ ਦਿੱਤਾ। ਇਸ ਦੌਰਾਨ ਗੁਲਾਟੀ ਨੇ ਦੱਸਿਆ ਕਿ ਕੇਂਦਰੀ ਗ੍ਰਹਿ ਮੰਤਰੀ ਨੂੰ ਨੌਦੀਪ ਕੌਰ ਦੇ ਮਾਮਲੇ ਤੋਂ ਪੂਰੀ ਤਰ੍ਹਾਂ ਜਾਣੂ ਕਰਵਾਇਆ ਅਤੇ ਬੇਨਤੀ ਕੀਤੀ ਕਿ ਨੌਦੀਪ ਕੌਰ ਦੇ ਸੰਵਿਧਾਨਕ ਹੱਕ ਦੀ ਰਾਖੀ ਨੂੰ ਯਕੀਨੀ ਬਣਾਇਆ ਜਾਵੇ। ਇਸ ਮੁਲਾਕਾਤ ਦੌਰਾਨ ਉਨ੍ਹਾਂ ਭਾਰਤੀ ਮੂਲ ਦੇ ਵਿਦੇਸ਼ੀ ਲਾੜਿਆਂ ਦਾ ਮੁੱਦੇ ਬਰੇ ਵੀ ਗੱਲ ਕੀਤੀ ਕਿ ਕੁੜੀਆਂ ਨਾਲ ਹੋ ਰਹੀਆਂ ਠੱਗੀਆਂ ਤੋਂ ਬਚਾਉਣ ਲਈ ਨਵਾਂ ਸਖਤ ਕਾਨੂੰਨ ਬਣਾਉਣ ਦੀ ਬੇਨਤੀ ਵੀ ਕੀਤੀ।

# ਬਾਈਡੇਨ ਵੱਲੋਂ ਟਰੰਪ ਉੱਤੇ ਕੋਵਿਡ ਬਾਰੇ ਜ਼ਿੰਮੇਵਾਰੀ ਨਾ ਨਿਭਾਉਣ ਦਾ ਦੋਸ਼



ਵਾਸ਼ਿੰਗਟਨ, 14 ਫਰਵਰੀ (ਪੋਸਟ ਬਿਊਰੋ)- ਅਮਰੀਕੀ ਰਾਸ਼ਟਰਪਤੀ ਜੋ ਬਾਈਡੇਨ ਨੇ ਕੋਰੋਨਾ ਟੀਕਾਕਰਣ ਪ੍ਰੋਗਰਾਮ ਸਬੰਧੀ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਨੂੰ ਦੋਸ਼ੀ ਠਹਿਰਾਇਆ ਹੈ। ਉਨ੍ਹਾਂ ਨੇ ਕਿਹਾ ਕਿ ਟਰੰਪ ਨੇ ਟੀਕਾਕਰਣ ਉੱਤੇ ਆਪਣੀ ਜ਼ਿੰਮਵਾਰੀ ਨਹੀਂ ਨਿਭਾਈ ਤੇ ਉਨ੍ਹਾਂ ਨੂੰ ਸਾਬਕਾ ਰਾਸ਼ਟਰਪਤੀ ਟਰੰਪ ਤੋਂ ਬਦਹਾਲ ਟੀਕਾਕਰਣ ਪ੍ਰੋਗਰਾਮ ਮਿ-ਲਆ ਹੈ। ਬਾਈਡੇਨ ਨੇ ਨੈਸ਼ਨਲ ਇੰਸਟੀਚਿਊਟ ਆਫ ਹੈਲਥ ਦੇ ਪ੍ਰੋਗਰਾਮ ਵਿੱਚ ਕਿਹਾ ਕਿ ਟਰੰਪ ਨੇ ਆਪਣੇ ਰਾਜ ਦੇ ਆਖਰੀ 2 ਮਹੀਨੇ 3 ਨਵੰਬਰ ਦੇ ਚੋਣ ਨਤੀਜਿਆਂ ਨੂੰ ਪਲਟਣ ਦੀਆਂ ਕੋਸ਼ਿਸ਼ਾਂ ਵਿੱਚ ਲਾ ਦਿੱਤੇ ਸਨ। ਉਨ੍ਹਾਂ ਨੇ ਟੀਕਾਕਰਣ ਲਈ ਲੋੜੀਂਦੀ ਮਾਤਰੀ ਵਿੱਚ ਵੈਕਸੀਨ ਦੀ ਖਰਾਕ ਦਾ ਆਰਡਰ ਵੀ ਨਹੀਂ ਦਿੱਤਾ।

ਇਸ ਮੌਕੇ ਬਾਈਡੇਨ ਨੇ ਦੱਸਿਆ ਕਿ ਅਸੀਂ ਸਾਰੇ ਅਮਰੀਕੀਆਂ ਲਈ ਲੋੜੀਂਦੀ ਵੈਕਸੀਨ ਦਾ ਆਰਡਰ ਦੇ ਦਿੱਤਾ ਹੈ, ਜਿਸ ਬਾਰੇ ਮਾਡਰਨਾ ਅਤੇ ਫਾਈਜਰ ਦੇ ਨਾਲ ਵੈਕਸੀਨ ਦੀ 10-10 ਕਰੋੜ ਦੀ ਖੁਰਾਕ ਦੇ ਸਮਝੌਤੇ ਕੀਤੇ ਗਏ ਹਨ।ਡੈਮੋਕ੍ਰੇਟ ਪਾਰਲੀਮੈਂਟ ਮੈਂਬਰਾਂ ਨੇ ਰਾਸ਼ਟਰਪਤੀ ਜੋ ਬਾਈਡੇਨ ਦੇ 1.0 ਲੱਖ ਕਰੋੜ ਡਾਲਰ ਦੀ ਕੋਵਿਡ-19 ਯੋਜਨਾ ਵਿੱਚੋਂ ਅੱਧੀ ਰਕਮ ਨੂੰ ਕੱਲ੍ਹ ਸਦਨ ਦੀ ਕਮੇਟੀ ਰਾਹੀਂ ਮਨਜ਼ੂਰੀ ਦੇ ਦਿੱਤੀ ਹੈ, ਜਿਸ ਨਾਲ ਲੱਖਾਂ ਅਮਰੀਕੀ ਨਾਗਰਿਕਾਂ ਨੂੰ 1400 ਡਾਲਰ ਦੇ ਭੁਗਤਾਨ ਅਤੇ ਹੋਰ ਪਹਿਲ ਦਾ ਰਸਤਾ ਸਾਫ ਹੋ ਗਿਆ ਹੈ। ਰਿਪਬਲੀਕਨ ਪਾਰਟੀ ਨੇ ਇਸ ਨੂੰ ਬਹੁਤ ਖਰਚ ਵਾਲਾ, ਆਰਥਿਕ ਨੁਕਸਾਨ ਵਾਲਾ ਅਤੇ ਭੇਦਭਾਵਪੂਰਨ ਕੰਮ ਕਿਹਾ ਹੈ। 'ਦਿ ਵੇਜ ਐਂਡ ਮੀਨਸ ਕਮੇਟੀ' ਨੇ ਬਾਈਡੇਨ ਦੇ ਪ੍ਰਸਤਾਵ ਵਿੱਚ 940 ਅਰਬ ਡਾਲਰ ਦੀ ਰਕਮ ਨੂੰ 18 ਦੇ ਮੁਕਾਬਲੇ 25 ਵੋਟਾਂ ਨਾਲ ਮਨਜ਼ੂਰੀ ਦੇ ਦਿੱਤੀ।

# ਅਖਾੜੇ ਵਿੱਚ ਫਾਇਰਿੰਗ: ਪੁਰਾਣੀ ਰੰਜਿਸ਼ ਕਾਰਨ ਨੈਸ਼ਨਲ ਕੁਸ਼ਤੀ ਕੋਚ, ਉਸਦੀ ਪਤਨੀ ਤੇ ਪੰਜ ਪਹਿਲਵਾਨਾਂ ਦੀ ਹੱਤਿਆ

ਰੋਹਤਕ, 14 ਫਰਵਰੀ (ਪੋਸਟ ਬਿਊਰੋ)- ਏਥੋਂ ਦੀ ਦੇਵ ਕਾਲੋਨੀ ਵਿੱਚ ਕੁਸ਼ਤੀ ਅਖਾੜੇ ਤੋਂ ਸ਼ੁਰੂ ਹੋਈ ਪੁਰਾਣੀ ਰੰਜਿਸ਼ ਕਾਰਨ ਗੈਂਗਵਾਰ ਵਿੱਚ ਦੋ ਔਰਤਾਂ ਅਤੇ ਪੰਜ ਪਹਿਲਵਾਨਾਂ ਦੀ ਮੌਤ ਹੋ ਗਈ ਹੈ। ਕੱਲ੍ਹ ਸ਼ਾਮ ਪੌਣੇ ਨੌਂ ਵਜੇ ਹਮਲਾਵਰ ਕੋਚ ਨੇ ਜਿਮਨੇਜ਼ੀਅਮ ਹਾਲ ਵਿੱਚ ਵੜ ਕੇ ਨੈਸ਼ਨਲ ਖਿਡਾਰੀ ਅਤੇ ਕੋਚ ਜੋੜੇ ਉੱਤੇਗੋਲੀਆਂ ਚਲਾ ਦਿੱਤੀਆਂ। ਇਸ ਕਾਰਨ ਬਚਾਅ ਨੂੰ ਆਏ ਪੰਜ ਪਹਿਲਵਾਨਾਂ ਦੀਮੌਤ ਹੋ ਗਈ ਅਤੇ ਦੋ ਦੀ ਹਾਲਤ ਨਾਜ਼ੁਕ ਬਣੀ ਹੋਈ ਹੈ। ਜ਼ਖਮੀਆਂ ਵਿੱਚ ਇੱਕ ਤਿੰਨ ਸਾਲ ਦਾ ਬੱਚਾ ਵੀ ਹਨ। ਪੁਲਸ ਮੁੱਖ ਦੋਸ਼ੀ ਕੋਚ ਸੁਖਵਿੰਦਰ ਦੀ ਤਲਾਸ਼ ਕਰ ਰਹੀ ਹੈ।

ਐਸ ਪੀ ਰਾਹੁਲ ਸ਼ਰਮਾ ਨੇ ਦੱਸਿਆ ਕਿ ਮ੍ਰਿਤਕਾਂ ਵਿੱਚ ਕੋਚ ਮਨੋਜ,ਉਸ ਦੀ ਪਤਨੀ ਸਾਸ਼ੀ ਨਿਵਾਸੀ ਸੁਰਗਥਲ ਸੋਨੀਪਤ, ਸਤੀਸ਼ ਦਲਾਲ ਨਿਵਾਸੀ ਮਾਂਡੋਠੀ, ਪੂਜਾ ਨਿਵਾਸੀ ਮਥੁਰਾ ਯੂਪੀ, ਪ੍ਰਦੀਪ ਮਲਿਕ ਉਰਫ ਫੌਜੀ ਨਿਵਾਸੀ ਮੋਖਰਾ ਦੇ ਨਾਮ ਸ਼ਾਮਲ ਹਨ। ਮ੍ਰਿਤਕ ਜੋੜੇ ਦੇ ਤਿੰਨ ਸਾਲ ਬੇਟੇ ਸਰਤਾਜ ਦੀ ਹਾਲਤ ਨਾਜ਼ੁਕ ਹੈ।ਪੀ ਜੀ ਆਈ ਰੋਹਤਕ ਦੇ ਅਧਿਕਾਰੀਆਂ ਨੇ ਦੱਸਿਆ ਕਿ ਇਸ ਗੋਲੀਕਾਂਡ ਵਿੱਚ ਜ਼ਖ਼ਮੀ ਪੰਜ ਲੋਕ ਰਾਤ ਸਾਢੇ ਨੌਂ ਵਜੇ ਤੱਕ ਟ੍ਰਾਮਾ ਸੇਂਟਰ ਵਿੱਚ ਆ ਗਏ, ਪਰ ਡਾਕਟਰਾਂ ਨੇ ਸਾਰਿਆਂ ਨੂੰ ਮ੍ਰਿਤ ਐਲਾਨ ਕਰ ਦਿੱਤਾ ਹੈ। ਗੰਭੀਰ ਜ਼ਖ਼ਮੀ ਤਿੰਨ ਸਾਲ ਬੱਚੇ ਨੂੰ ਪੀਕੂ ਵਾਰਡ ਵਿੱਚ ਵੇਂਟੀਲੇਟਰ ਉੱਤੇ ਭਰਤੀ ਕਰਵਾਇਆ ਗਿਆ ਹੈ। ਇਸ ਦੇ ਇਲਾਵਾ ਇੱਕ ਪਹਿਲਵਾਨ ਅਮਰਜੀਤ ਦੀ ਹਾਲਤ ਵੀ ਗੰਭੀਰ ਬਣੀ ਹੈ, ਜਿਸ ਉੱਤੇ ਡਾਕਟਰਾਂ ਦੀ ਟੀਮ ਨਜ਼ਰ ਰੱਖ ਰਹੀ ਹੈ।

Steinmetz & Associates
PERSONAL INJURY LAWYERS
Harry Steinmetz
Certified as Specialist by the Law Society of Ontario in Civil Litigation
(with over 27yrs. of experience)
ਕੀ ਐਕਸੀਡੈਂਟ ਵਿੱਚ ਤੁਹਾਡੇ ਸੱਟ ਲੱਗ ਗਈ ਹੈ?
ਮੁੱਫਤ ਸਲਾਹ ▪ ਫੀਸ ਸੈਟਲਮੈਂਟ ਹੋਣ ਤੋ ਬਾਅਦ
BOBBY SIDHU
partner
(Serving the Community for Over 16 yrs.)
ਜੇਕਰ ਤੁਹਾਡਾ ਕਸੂਰ ਹੈ ਜਾਂ ਨਹੀਂ, ਚਾਹੇ ਤੁਸੀਂ ਕੰਮ ਕਰਦੇ ਹੋ ਜਾਂ ਨਹੀਂ, ਚਾਹੇ ਤੁਸੀਂ Housewife ਹੋ, Student ਹੋ, Pedestrian ਹੋ, Cycliust ਹੋ, ਐਕਸੀਡੈਂਟ ਵਿਚ ਸੱਟ ਲੱਗਣ ਦੀ ਸੂਰਤ ਵਿਚ ਤੁਸੀਂ ਕਈ ਬੈਨੀਫਿਟਸ ਦੇ ਹੱਕਦਾਰ ਹੋ ਸਕਦੇ ਹੋ। ਜੇਕਰ ਤੁਹਾਡੀ ਗਲਤੀ ਨਹੀਂ ਹੈ ਤਾਂ ਤੁਸੀਂ Pain & Suffering ਸਮੇਤ ਕਈ ਮਿਲੀਅਨ ਡਾਲਰ ਦੇ ਕਲੇਮ ਦੇ ਹੱਕਦਾਰ ਹੋ ਸਕਦੇ ਹੋ।
ਹੁਣ ਤੱਕ ਅਸੀਂ ਆਪਣੇ Clients ਨੂੰ ਕਈ ਮਿਲੀਅਨ ਤੱਕ ਦੇ ਕਲੇਮ ਦੁਆ ਚੁੱਕੇ ਹਾਂ।
ਜੇਕਰ ਤੁਸੀਂ ਆਪਣੀਆਂ ਮੌਜੂਦਾ ਕਾਨੂੰਨੀ ਸੇਵਾਵਾਂ ਤੋਂ ਸੰਤੁਸ਼ਟ ਨਹੀਂ ਹੋ ਤਾਂ ਅਸੀਂ ਤੁਹਾਡੀ ਸੇਵਾ ਲਈ ਹਾਜਰ ਹਾਂ।
If you are hurt in Auto Accident, Slip & Fall or you have long Term Disability Claims
Protect yourself, Protect your family, Know your rights.
For exceptional service, benefits you are entitled to and a settlement you deserve, call the name you trust
You only pay upon settlement
GURSHARAN BOBBY SIDHU
647.539.3020
1450 Meyerside Drive, Suite 308, Mississauga
2 OFFICES TO SERVE YOU
55 St. Clair Ave., West, Toronto
email: bsidhu@steinmetzlawyers.ca website: www.steinmetzlawyers.ca

ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਐ
Super Visa
How your spouse can join you within 4-6 months
How your parents can join you
How students & skilled people can come to Canada
How international Students & Foreign workers can get their immigration
We do appeal for Refusal cases also
Sponsor Your Family
MacroGlobal Immigration Services Ltd.
Seema Bhayana
ICCRC
Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

Grand Upholstery Ltd
Sofa Company Originality in Every Piece
Special on Sale
ਪੁਰਾਣੇ ਸੋਫਿਆਂ ਦੀ ਮੁਰੰਮਤ ਵੀ ਕੀਤੀ ਜਾਂਦੀ ਹੈ
ਟੌਪ ਕੁਆਲਿਟੀ ਦੀ ਫੋਮ ਅਤੇ ਸਪਰਿੰਗ ਵਰਤੇ ਜਾਂਦੇ ਹਨ।
ਆਪਣੀ ਮਨਪਸੰਦ ਦਾ ਕੋਈ ਵੀ L Shape ਡਿਜਾਇਨ ਅਤੇ ਰੰਗ ਚੁਣ ਸਕਦੇ ਹੋ।
ਕੱਪੜਾ ਚਾੜ ਕੇ ਪੁਰਾਣਾ ਸੋਫਾ, ਡਾਇਨਿੰਗ ਚੇਅਰ ਨੂੰ ਨਵਿਆਂ ਵਰਗਾ ਬਣਾਉਂਦੇ ਹਾਂ
ਆਰਡਰ ਦੇ ਕੇ ਨਵੇਂ ਸੋਫੇ ਦੂਜੇ ਸਟੋਰਾਂ ਨਾਲੋ ਘੱਟ ਕੀਮਤ ਉੱਤੇ ਵੀ ਲੈ ਸਕਦੇ ਹੋ
ਕੁਆਲਿਟੀ ਮੂਹੋਂ ਬੋਲਦੀ ਹੈ
Tel: 905.791.2888 Cell: 647.293.3212
2053 williams Pkway unit #45, Brampton, ON L6S 5T4 Email: grandupholsery@gmail.com

ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ
Join and Represent Us
VISITOR TO CANADA INSURANCE
TRAVEL OUT INSURANCE
INTERNATIONAL STUDENT INSURANCE
OTHER INSURANCE PRODUCTS
Your Travel Safety Our Priority
JF Insurance Agency Group Inc.
Specialized in Hospital and Medical Insurance for Visitors, Canadian Travellers and International Students since 1992
905-707-1512
905-707-1513
Molly@jfgroup.ca
Toronto Head Office: 15 wertheim court # 501 Richmond Hill, ON L4B 3H7

ukttc UK TRUCK TRAINING CENTRE
PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge
Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
Forklift Training
Forklift $79 Recertification
Counterbalance
Reach Truck
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979 | OPEN 7 DAYS uktruck1@gmail.com | Jitpal Singh Deol 647-204-1936

# ਮੋਦੀ ਨੇ ਕਿਸਾਨਾਂ ਦੇ ਮੁੱਦੇ ਨੂੰ ਵੱਕਾਰ ਦਾ ਸਵਾਲ ਬਣਾਇਆ ਪਿਐ

-ਹਰੀ ਜੈਸਿੰਘ-

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਸਾਨਾਂ ਦੇ ਮੁੱਦੇ ਨੂੰ ਆਪਣੀ ਸਰਕਾਰ ਲਈ ਵੱਕਾਰ ਦਾ ਮੁੱਦਾ ਬਣਾ ਲਿਆ ਹੈ। ਇਹ ਦੱਸਦਾ ਹੈ ਕਿ ਕਿੰਝ ਉਹ ਦੇਸ਼ ਦੀਆਂ ਜ਼ਮੀਨੀ ਹਕੀਕਤਾਂ ਤੋਂ ਵੱਖ ਹੋ ਗਏ ਹਨ। ਇਸ ਨੇ ਉਨ੍ਹਾਂ ਦੀ ਭਾਰਤ ਦੇ ਸਭ ਤੋਂ ਸ਼ਕਤੀਸ਼ਾਲੀ ਪਹਿਲੇ ਪ੍ਰਧਾਨ ਮੰਤਰੀ ਦੇ ਅਕਸ ਨੂੰ ਨੁਕਸਾਨ ਪਹੁੰਚ-ਾਇਆ ਹੈ। ਇਸ ਸੰਘਰਸ਼ ਕਾਰਨ ਉਨ੍ਹਾਂ ਨੂੰ ਕਮਜ਼ੋਰ ਅਤੇ ਦਿਸ਼ਾਹੀਣ ਵਜੋਂ ਦੇਖਿਆ ਜਾ ਰਿਹਾ ਹੈ। ਕਿਸਾਨ ਨੇਤਾ ਪੀ. ਕ੍ਰਿਸ਼ਨਪ੍ਰਸਾਦ ਗਲਤ ਨਹੀਂ ਸਨ, ਜਦੋਂ ਉਨ੍ਹਾਂ ਨੇ ਕਿਹਾ ਸੀ ਕਿ ਸਰਕਾਰ ਨੇ 'ਰੋਸ ਵਿਖਾਵੇ ਵਾਲੀਆਂ ਥਾਵਾਂ ਨੂੰ ਖੁੱਲ੍ਹੀਆਂ ਜੇਲ੍ਹਾਂ' ਵਿੱਚ ਬਦਲ ਦਿੱਤਾ ਹੈ। ਅਸਲ ਵਿੱਚ ਰੋਸ ਵਿਖਾਵੇ ਵਾਲੀ ਥਾਂ ਇੱਕ ਕਿਲੇਬੰਦੀ ਵਰਗੀ ਦਿਖਾਈ ਦਿੰਦੀ ਹੈ ਕਿਉਂਕਿ ਪੁਲਸ ਨੇ ਕੰਕਰੀਟ ਦੇ ਬੈਰੀਕੇਡਸ, ਕੰਡੇਦਾਰ ਤਾਰ, ਕਿੱਲ ਲਾ ਕੇ ਅਤੇ ਖਾਈਆਂ ਖੋਦ ਕੇ ਉਨ੍ਹਾਂ ਤੱਕ ਜਾਣ ਦੇ ਸਾਰੇ ਰਾਹ ਰੋਕ ਕੇ ਪਿੱਛੇ ਭਾਰੀ ਸੁਰੱਖਿਆ ਫੋਰਸ ਲਾ ਦਿੱਤੀ ਹੈ।

ਪੀ. ਕ੍ਰਿਸ਼ਨਪ੍ਰਸਾਦ ਦੇ ਮੁਤਾਬਕ ''ਅੰਗਰੇਜ਼ਾਂ ਨੇ ਵੀ ਏਦਾਂ ਨਹੀਂ ਕੀਤਾ ਸੀ।'' ਇਹ ਮੋਦੀ ਦੇ ਸੱਤਾ ਦੇ ਅਦਾਰਿਆਂ ਬਾਰੇ ਕੋਈ ਚੰਗੀ ਗੱਲ ਨਹੀਂ। ਇੱਕ ਰਿਪੋਰਟ ਅਨੁਸਾਰ ਉਨ੍ਹਾਂ ਵੱਲੋਂ ਤੰਗ ਕੀਤੇ ਜਾਣ ਕਾਰਨ 200 ਤੋਂ ਵੱਧ ਕਿਸਾਨ ਮਾਰੇ ਜਾ ਚੁੱਕੇ ਹਨ। ਸਰਕਾਰੀ ਅਧਿਕਾਰੀਆਂ ਦਾ ਦਾਅਵਾ ਹੈ ਕਿ ਅੰਦੋਲਨ ਮੁੱਖ ਤੌਰ 'ਤੇ ਪੰਜਾਬ, ਹਰਿਆਣਾ ਤੇ ਉਤਰ ਪ੍ਰਦੇਸ਼ ਦੇ ਕੁਝ ਹਿੱਸਿਆਂ ਤੱਕ ਸੀਮਤ ਹੈ, ਪਰ ਕਿਸਾਨਾਂ ਦੇ ਮੁੱਦਿਆਂ ਨੂੰ ਦੇਸ਼ ਦੇ ਕਈ ਰਾਜਾਂ ਤੋਂ ਸਮਰਥਨ ਮਿਲ ਰਿਹਾ ਹੈ।

ਕੇਂਦਰ ਸਰਕਾਰ ਅਤੇ ਅੰਦੋਲਨ ਕਰ ਰਹੇ ਕਿਸਾਨਾਂ ਵਿਚਾਲੇ 'ਵਿਸ਼ਵਾਸ ਦੀ ਘਾਟ' ਦਿਖਾਈ ਦਿੰਦੀ ਹੈ, ਕਿਉਂਕਿ ਉਨ੍ਹਾਂ ਨੂੰ ਡਰ ਹੈ ਕਿ ਨਿੱਜੀ ਖੇਤਰ ਦੇ ਵੱਧ ਕੰਟਰੋਲ ਨਾਲ ਉਨ੍ਹਾਂ ਦੇ ਪਹਿਲਾਂ ਹੀ ਘੱਟ ਸਰੋਤ ਅਤੇ ਉਨ੍ਹਾਂ ਦੀ ਜ਼ਮੀਨ ਹੜੱਪ ਲਈ ਜਾਵੇਗੀ। ਕੁਝ ਵੀ ਹੋਵੇ, ਕੇਂਦਰ ਸੂਬਾ ਸਰਕਾਰਾਂ ਨਾਲ ਸਲਾਹ ਕਰਨ 'ਚ ਅਸਫਲ ਰਿਹਾ ਹੈ ਜੋ ਕਿਸਾਨਾਂ ਦੇ ਮੁੱਦਿਆਂ ਨੂੰ ਲੈ ਕੇ ਮਹੱਤਵ ਪੂਰਨ ਹਿੱਸੇਦਾਰ ਹਨ। ਕੋਈ ਹੈਰਾਨੀ ਨਹੀਂ ਕਿ ਛੇ ਵੱਡੇ ਸੂਬਿਆਂ ਨੇ ਪਹਿਲਾਂ ਹੀ ਆਪਣੀਆਂ ਵਿਧਾਨ ਸਭਾਵਾਂ 'ਚ ਵੱਖਰਾ ਬਿੱਲ ਪਾਸ ਕਰ ਕੇ ਤਿੰਨ ਕੇਂਦਰੀ ਕਾਨੂੰਨਾਂ ਨੂੰ ਰੱਦ ਕਰ ਦਿੱਤਾ ਹੈ।

ਮਹੱਤਵ ਪੂਰਨ ਸਵਾਲ ਹੈ ਕਿ ਕੇਂਦਰੀ ਅਧਿਕਾਰੀ ਵਿਸ਼ਵਾਸ ਦੀ ਮੌਜੂਦਾ ਘਾਟ ਨੂੰ ਭਰਨ ਲਈ ਕਿੰਨੇ ਕੁ ਗੰਭੀਰ ਹਨ? ਮੌਜੂਦਾ ਹਾਲਤ ਵਿੱਚ ਕੁਝ ਵੀ ਭਰੋਸਾ ਦੇਣ ਵਾਲਾ ਦਿਖਾਈ ਨਹੀਂ ਦਿੰਦਾ। ਬੀਤੇ ਦਿਨੀਂ ਕਿਸਾਨਾਂ ਦਾ ਤਿੰਨ ਘੰਟੇ ਦਾ ਚੱਕਾ ਜਾਮ ਸ਼ਾਂਤੀ ਨਾਲ ਲੰਘ ਗਿਆ। ਵਰਨਣਯੋਗ ਹੈ ਉਹ ਇਹ ਕਿ ਹਰਿਆਣਾ ਦੇ ਰੋਹਤਕ ਜ਼ਿਲ੍ਹੇ 'ਚ ਨੈਸ਼ਨਲ ਹਾਈਵੇ-9 ਉਤੇ ਮੇਦਿਨਾ ਟੋਲ ਪਲਾਜ਼ਾ 'ਤੇ ਬਹੁਤ ਵੱਡੀ ਗਿਣਤੀ 'ਚ ਔਰਤਾਂ ਨੇ ਚੱਕਾ ਜਾਮ 'ਚ ਹਿੱਸਾ ਲਿਆ। ਦੁੱਖ ਦੀ ਗੱਲ ਹੈ ਕਿ ਅਧਿਕਾਰੀਆਂ ਨੇ ਕਿਸਾਨਾਂ ਦੇ ਅੰਦੋਲਨ ਨੂੰ ਮੋਦੀ ਸਰਕਾਰ ਵਿਰੁੱਧ 'ਕੌਮਾਂਤਰੀ ਸਾਜ਼ਿਸ਼' ਦਾ ਨਾਂ ਦਿੱਤਾ। ਇਸ ਨੂੰ ਸੋਸ਼ਲ ਮੀਡੀਆ ਉਤੇ ਕਈ ਪ੍ਰਸਿੱਧ ਵਿਸ਼ਵ ਪੱਧਰੀ ਹਸਤੀਆਂ, ਜਿਵੇ ਪੌਪ ਸਟਾਰ ਰਿਹਾਨਾ ਅਤੇ ਨੌਜਵਾਨ ਵਾਤਾਵਰਣ ਵਰਕਰ ਗ੍ਰੇਟਾ ਥੁਨਬਰਗ ਵੱਲੋਂ ਕਿਸਾਨਾਂ ਦੇ ਰੋਸ ਵਿਖਾਵੇ ਨੂੰ ਦਿੱਤੇ ਗਏ ਸਮਰਥਨ ਦੀ ਰੌਸ਼ਨੀ 'ਚ ਦੇਖਣਾ ਚਾਹੀਦਾ ਹੈ। ਇੱਥੋਂ ਤੱਕ ਕਿ ਅਮਰੀਕੀ ਸਰਕਾਰ ਨੇ ਵੀ ਨਵੀਂ ਦਿੱਲੀ ਨੂੰ ਕਿਸਾਨਾਂ ਨਾਲ ਗੱਲਬਾਤ ਲਈ ਕਿਹਾ ਹੈ।

ਦਿੱਲੀ ਪੁਲਸ ਦੇ ਸਾਈਬਰ ਸੈਲ ਨੇ 'ਕੌਮਾਂਤਰੀ ਸਾਜ਼ਿਸ਼' ਦੇ ਸਿਧਾਂਤ ਬਾਰੇ ਕੇਸ ਦਰਜ ਕੀਤੀ ਅਤੇ ਜਾਂਚ ਕਰ ਰਹੀ ਹੈ। ਮੈਂ ਸਮਝਦਾ ਹਾਂ ਕਿ ਕੇਂਦਰ ਬੇਲੋੜੇ ਤੌਰ 'ਤੇ ਕੌਮਾਂਤਰੀ ਸਾਜ਼ਿਸ਼ ਦੇ ਸਿਧਾਂਤਾਂ ਅਤੇ ਜਵਾਬੀ ਸਿਧਾਂਤਾਂ ਵਿੱਚ ਉਲਝ ਗਿਆ ਹੈ, ਜਦ ਕਿ ਇਸ ਸਮੇਂ ਲੋੜ ਹੈ ਕਿ ਉਹ ਪ੍ਰਦਰਸ਼ਨਕਾਰੀ ਕਿਸਾਨਾਂ ਨਾਲ 'ਗੰਭੀਰ ਗੱਲਬਾਤ' ਕਰੇ। ਮੋਦੀ



ਸਰਕਾਰ ਦਾ ਕਹਿਣਾ ਹੈ ਕਿ ਉਹ ਗੱਲਬਾਤ ਲਈ 'ਖੁੱਲ੍ਹੀ' ਹੈ। ਇਸ ਸਮੇਂ ਇਸ ਨੇ ਇਹ ਸਪੱਸ਼ਟ ਕੀਤਾ ਹੈ ਕਿ ਖੇਤੀਬਾੜੀ ਕਾਨੂੰਨਾਂ ਨੂੰ ਰੱਦ ਨਹੀਂ ਕੀਤਾ ਜਾਵੇਗਾ। ਤਿੰਨ ਖੇਤੀਬਾੜੀ ਕਾਨੂੰਨਾਂ ਨੂੰ ਖੇਤੀ ਖੇਤਰ 'ਚ ਪ੍ਰਮੁੱਖ ਸੁਧਾਰਾਂ ਵਜੋਂ ਪੇਸ਼ ਕੀਤਾ ਗਿਆ ਹੈ। ਇਨ੍ਹਾਂ ਤੋਂ ਆਸ ਕੀਤੀ ਜਾਂਦੀ ਹੈ ਕਿ ਵਿਚੋਲਿਆਂ ਅਤੇ ਦਲਾਲਾਂ ਦੀ ਭੂਮਿਕਾ ਖਤਮ ਹੋ ਜਾਵੇਗੀ ਅਤੇ ਕਿਸਾਨਾਂ ਨੂੰ ਦੇਸ਼ 'ਚ ਕਿਸੇ ਵੀ ਥਾਂ ਆਪਣੀ ਪੈਦਾਵਾਰ ਨੂੰ ਵੇਚਣ ਦੀ ਆਜ਼ਾਦੀ ਮਿਲੇਗੀ।

ਕਿਸਾਨ ਮਹਿਸੂਸ ਕਰਦੇ ਹਨ ਕਿ ਨਵੇਂ ਕਾਨੂੰਨ 'ਐਮ ਐਸ ਪੀ ਦੇ ਸੁਰੱਖਿਆ ਕਵਚ ਨੂੰ ਖਤਮ' ਕਰਨ ਲਈ ਰਾਹ ਪੱਧਰਾ ਕਰਨਗੇ। ਉਹ ਮੰਡੀ ਪ੍ਰਣਾਲੀ ਨੂੰ ਖਤਮ ਕਰ ਦੇਣਗੇ ਜਿਸ ਨਾਲ ਕਿਸਾਨ ਵੱਡੇ ਕਾਰਪੋਰੇਟ ਘਰਾਣਿਆਂ ਦੇ ਰਹਿਮੋ-ਕਰਮ 'ਤੇ ਹੋ ਜਾਣਗੇ। ਇਹ ਵੀ ਦਾਅਵਾ ਕੀਤਾ ਗਿਆ ਹੈ ਕਿ ਕਾਰਪੋਰੇਟ ਖੇਤਰ ਖੇਤੀਬਾੜੀ ਨੂੰ 'ਇੱਕ ਪੂੰਜੀਵਾਦ ਹਕੂਮਤ' ਵਿੱਚ ਬਦਲ ਦੇਣਗੇ। ਇਸ ਨਾਲ ਖੇਤੀਬਾੜੀ ਬਾਜ਼ਾਰ ਅਰਥ ਵਿਵਸਥਾ ਦਾ ਇੱਕ ਹਿੱਸਾ ਬਣ ਜਾਵੇਗਾ।

ਇਸ ਸੰਬੰਧ 'ਚ ਮੈਂ ਮੇਘਾਲਿਆ ਦੇ ਗਵਰਨਰ ਸਤਿਆਪਾਲ ਮਲਿਕ ਵੱਲੋਂ ਕੇਂਦਰੀ ਅਧਿਕਾਰੀਆਂ ਨੂੰ ਦਿੱਤੀ ਸਲਾਹ ਯਾਦ ਕਰਾਉਣੀ ਚਾਹਾਂਗਾ। ਉਨ੍ਹਾਂ ਨੇ ਸਹੀ ਕਿਹਾ ਕਿ ਕਿਸਾਨਾਂ ਦਾ ਨਿਰਾਦਰ ਅਤੇ ਉਨ੍ਹਾਂ ਨੂੰ ਵਾਪਸ ਜਾਣ ਨੂੰ ਮਜ਼ਬੂਰ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਨੇ ਕੇਂਦਰ ਨੂੰ ਉਨ੍ਹਾਂ ਨਾਲ ਗੱਲ ਕਰਨ ਅਤੇ ਮੌਜੂਦਾ ਸੰਕਟ ਦਾ ਹੱਲ ਕਰਨ ਨੂੰ ਕਿਹਾ ਹੈ। ਉਤਰ ਪ੍ਰਦੇਸ਼ ਤੋਂ ਜਾਟ ਨੇਤਾ ਸਤਿਆਪਾਲ ਮਲਿਕ ਨੇ ਕਿਹਾ ਕਿ ਸਰਕਾਰ ਆਪਣਾ ਅਸਲ ਇਰਾਦਾ ਦੱਸੇ ਤਾਂ ਮੁੱਦੇ ਦਾ ਹੱਲ ਕੀਤਾ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਕਿਸਾਨ 'ਮੁੱਦੇ ਦੇ ਹੱਲ ਲਈ ਤਿਆਰ ਹਨ, ਜੇਕਰ ਸਰਕਾਰ ਦਾ ਇਰਾਦਾ ਹੋਵੇ।'

ਕੀ ਮੋਦੀ ਸਰਕਾਰ ਕਿਸਾਨਾਂ ਨਾਲ ਗੱਲਬਾਤ ਲਈ 'ਖੁੱਲ੍ਹੇ ਮਨ' ਨਾਲ ਅੱਗੇ ਆਵੇਗੀ? ਮੈਂ ਯਕੀਨੀ ਨਹੀਂ ਹੋ ਸਕਦਾ ਕਿਉਂਕਿ ਅਜਿਹਾ ਦਿਖਾਈ ਦਿੰਦਾ ਹੈ ਕਿ ਮੋਦੀ ਸਰਕਾਰ ਇੱਕ ਦੁਬਿਧਾ 'ਚ ਫਸ ਗਈ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ 8 ਫਰਵਰੀ ਨੂੰ ਰਾਜ ਸਭਾ ਨੂੰ ਦਸਿਆ ਸੀ ਕਿ ਉਨ੍ਹਾਂ ਦੀ ਸਰਕਾਰ ਕਿਸਾਨਾਂ ਨਾਲ ਗੱਲਬਾਤ ਲਈ ਤਿਆਰ ਹੈ। ਉਨ੍ਹਾਂ ਨੇ ਭਰੋਸਾ ਦਿੱਤਾ ਕਿ ਫਸਲਾਂ ਲਈ ਘੱਟ ਤੋਂ ਘੱਟ ਸਮਰਥਨ ਮੁੱਲ (ਐਮ ਐਸ ਪੀ) ਲਾਗੂ ਸੀ, ਹੈ ਅਤੇ ਜਾਰੀ ਰਹੇਗਾ। ਕਿਸਾਨ ਯੂਨੀਅਨਾਂ ਦੇ ਨੇਤਾਵਾਂ ਨੇ ਪਾਰਲੀਮੈਂਟ 'ਚ ਪ੍ਰਧਾਨ ਮੰਤਰੀ ਮੋਦੀ ਦੇ ਭਾਸ਼ਣ ਨੂੰ ਫਿਰ ਨਿਰਾਦਰ ਵਾਲਾ ਅਤੇ ਖੋਖਲੀਆਂ ਗੱਲਾਂ ਵਾਲਾ ਕਿਹਾ। ਉਨ੍ਹਾਂ ਇਹ ਵੀ ਕਿਹਾ ਕਿ ਜੇ ਸਰਕਾਰ ਤਿੰਨ ਕਾਨੂੰਨਾਂ 'ਤੇ ਗੱਲਬਾਤ ਸ਼ੁਰੂ ਕਰਨ ਬਾਰੇ ਗੰਭੀਰ ਹੈ ਤਾਂ ਉਸ ਨੂੰ ਅਜਿਹਾ ਕਰਨ ਲਈ ਠੋਸ ਕਦਮ ਚੁੱਕਣੇ ਚਾਹੀਦੇ ਹਨ। ਰਾਸ਼ਟਰੀ ਕਿਸਾਨ ਮਹਾਸੰਘ ਦੇ ਬੁਲਾਰੇ ਅਭਿਮਨਿਊ ਕੋਹਾੜ ਨੇ ਕਿਹਾ ਕਿ ''ਐਮ ਐਸ ਪੀ ਕਾਨੂੰਨ ਦੇ ਬਿਨਾਂ ਉਨ੍ਹਾਂ ਦਾ ਭਰੋਸਾ ਖੋਖਲਾ ਹੈ। ਇਹੋ ਗੱਲਬਾਤ ਬਾਰੇ ਹੈ। ਜੇ ਸਰਕਾਰ ਸੱਚਮੁੱਚ ਗੱਲਬਾਤ ਮੁੜ ਕੇ ਸ਼ੁਰੂ ਕਰਨਾ ਚਾਹੁੰਦੀ ਹੈ ਤਾਂ ਬਿਨਾਂ ਕਿਸੇ ਨਿਯਮ ਅਤੇ ਸ਼ਰਤਾਂ ਤੋਂ ਸੱਦਾ ਭੇਜਣ ਚਾਹੀਦਾ ਹੈ।''

ਨਿਸ਼ਚਿਤ ਤੌਰ 'ਤੇ ਪ੍ਰਧਾਨ ਮੰਤਰੀ ਨੇ ਖੇਤੀਬਾੜੀ ਸੁਧਾਰਾਂ ਦੀ ਲੋੜ ਦੱਸੀ ਹੈ। ਇਸ ਦੇ ਨਾਲ ਉਸ ਨੂੰ ਇੱਕ ਭਰੋਸੇ ਯੋਗ ਗੱਲਬਾਤ ਲਈ ਅੰਦੋਲਨਕਾਰੀ ਕਿਸਾਨਾਂ ਤੱਕ ਪਹੁੰਚ ਲਈ ਰਸਤੇ ਲੱਭਣੇ ਹੋਣਗੇ। ਇਸ ਮਕਸਦ ਲਈ ਅੰਦੋਲਨਕਾਰੀ ਕਿਸਾਨਾਂ ਨੂੰ 'ਅੰਦੋਲਨਜੀਵੀ' ਅਤੇ 'ਪਰਜੀਵੀ' ਦੱਸ ਕੇ ਮਜ਼ਾਕ ਉਡਾਉਣ ਦੀ ਥਾਂ ਵਿਸ਼ਵਾਸ ਦੇ ਪੁਲ ਉਸਾਰਨ ਦੀ ਲੋੜ ਹੈ। ਇਹ ਟਿੱਪਣੀਆਂ ਉਨ੍ਹਾਂ ਦੇ ਅਹੁਦੇ ਦੀ ਸ਼ਾਨ ਅਨੁਸਾਰ ਨਹੀਂ ਹਨ। ਮੇਰਾ ਦ੍ਰਿੜ੍ਹਤਾ ਨਾਲ ਮੰਨਣਾ ਹੈ ਕਿ ਪ੍ਰਧਾਨ ਮੰਤਰੀ ਮੋਦੀ ਨੂੰ ਕਾਰਪੋਰੇਟ ਖੇਤਰ ਦੇ ਹਮਾਇਤੀ ਅਤੇ ਰੱਖਿਅਕ ਦੇ ਆਪਣੇ ਜਨਤਕ ਅਕਸ ਨੂੰ ਠੀਕ ਕਰਨ ਦੀ ਲੋੜ ਹੈ।

ਪੰਜਾਬੀ ਪੋਸਟ
Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| **Founder Editor** | Jagdish Singh Grewal |
| **Managing Director** | Parminder Kaur Grewal |
| **Contributing Editors** | Gyan Singh, Angrez Singh |
| **Office Admin** | Priya Dhillon |
| **Graphic Designer** | Priya Dhillon |
| **Photographer** | Kanwaljit Singh Kanwal |
| **Distributer** | Aman Warraich |
| Marketing: | Sajandeep Singh |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

ਕੈਨੀ ਦੀ ਲੋੜ
Queen and credit view area
ਵਿਚ ਘਰ ਦਾ ਕੰਮਕਾਰ ਕਰਨ ਲਈ ਨੈਨੀ ਦੀ ਲੋੜ ਹੈ। 50 ਸਾਲ ਤੋਂ ਉਪਰ ਉਮਰ ਦੀ ਔਰਤ ਹੀ ਸੰਪਰਕ ਕਰੇ।
ਸੰਪਰਕ:- 416-556-6884


A-One Drivers
TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
] ਮੁਫਤ ਪਿਕਅਪ ਅਤੇ ਡਰਾਪ ਆਫ
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ
ਲੇਡੀ ਇੰਸਟ੍ਰਕਟਰ
647-998-7500 ਬਲਵਿੰਦਰ

BEST CANADIAN TRUCK & FORKLIFT TRAINING CENTRE
Registered as a Private Career College Under the Private Career College Act. 2005
BEST CANADIAN TRUCK & FORKLIFT TRAINING CENTRE
AZ Tractor trailer program
Manual transmission & backup training everyday
We welcome welfare workers & compensation clients
Open Seven Days
Forklift Re-Certification Only $79.00/-
Karnail Singh
416.670.3173 | 905.799.7333
27 Edvac Dr, Brampton, ON L6S 5X8

Visions of Punjab
VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com
Natasha Mahal Co-Host
Iqbal Mahal Producer & Host
Serving the South Asian Community Since 1976

PUNJABI RANG RADIO
CAIO 530AM
11pm-12am
Every Saturday
Chamkaur Singh
Producer/ Host
Cell: 416 662 1313
Email: punjabirang13@hotmail.com

ਜ਼ਰੂਰ ਜਾਣੋ; ਗਿਆਨ ਗੰਗਾ
॥ ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ॥
• ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
• ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
• ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
• ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
• ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
• ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
• ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
• ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
• ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
• ਸ੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
• ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
• ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?




ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org
IPTV ਦੁਆਰਾ ਸਤਸੰਗ ਦੇਖੋ
ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ
ਐਮ ਐਚ ਵਨ ਸ਼ਰਧਾ ਤੇ ਸਵੇਰੇ 3:30 - 4:30 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸਵੇਰੇ 7:00 - 8:00 ਵਜੇ ਤੱਕ
ਸਾਧਣਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ
ਹਰਿਆਣਾ ਨਿਊਜ ਤੇ ਸ਼ਾਮ 7:30 - 8:30 ਵਜੇ ਤੱਕ
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸ਼ਾਮ 7:00 - 8:00 ਵਜੇ ਤੱਕ
ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com
satsahibusa@gmail.com
647-739-4641
346-714-0224

KAMAL SANDHU
Sales Representative
647.891.0143
RE/MAX GOLD
realtorkamalsandhu@gmail.com
www.arearealtor.com
Looking For a Nest..? Call the Best





CLOSING IN APRIL 2021
Bedroom 4
Bathroom 2+1
Size (Sq.Ft.) 2455
Home Details 42'
EXCLUSIVE FOR SALE IN WOODSTOCK



CLOSING IN APRIL 2021
Bedroom 4
Bathroom 2+1
Size (Sq.Ft.) 2250
Home Details 36'
FOR SALE
EXCLUSIVE
JAMES C
KAMAL SANDHU RE/MAX GOLD REALTY INC BROKERAGE

# ਘੁਮੰਡ ਦੇ ਘੋੜੇ ਉੱਤੇ ਚੜ੍ਹੇ ਹੋਏ ਆਗੂ ਨੂੰ ਧਰਤੀ ਵੱਲ ਵੇਖਣਾ ਚਾਹੀਦੈ



ਜਤਿੰਦਰ ਪੰਨੂ



ਪੰਝੀ ਕੁ ਸਾਲ ਪਹਿਲਾਂ ਦੀ ਗੱਲ ਹੈ, ਓਦੋਂ ਇਹ ਮੁੱਦਾ ਬੜੇ ਗੰਭੀਰ ਰੂਪ ਵਿੱਚ ਉੱਠਿਆ ਸੀ ਕਿ ਅਕਲ ਦੀ ਗੱਲ ਕਰਨ ਵਾਲੇ 'ਬੁੱਧੀਜੀਵੀ' ਆਪਣੀ ਬੁੱਧੀ ਨੂੰ ਲੋਕਾਂ ਦੇ ਭਲੇ ਲਈ ਵਰਤਣ ਦੀ ਬਜਾਏ ਇੱਕ ਜਾਂ ਦੂਜੀ ਧਿਰ ਦੇ ਹਿੱਤਾਂ ਲਈ ਵਰਤਦੇ ਅਤੇ ਇਸ ਤਰ੍ਹਾਂ ਬੁੱਧੀ ਨਾਲ ਬੇਵਫਾਈ ਕਰਦੇ ਹਨ। ਉਸ ਵੇਲੇ ਅਸੀਂ ਇਹ ਲਿਖਿਆ ਸੀ ਕਿ ਜਿਸ ਕਿਸੇ ਨੇ ਵੀ 'ਬੁੱਧੀਜੀਵੀ' ਲਫਜ਼ ਦੀ ਕਾਢ ਕੱਢੀ ਹੋਵੇਗੀ, ਉਸ ਨੇ ਠੀਕ ਨਹੀਂ ਸੀ ਕੀਤਾ। ਅੰਗਰੇਜ਼ੀ ਦੇ ਦੋ ਸ਼ਬਦ 'ਇੰਟੈਲੀਜੈਂਟ' ਤੇ 'ਇੰਟੈਲੀਜੈਂਸ਼ੀਆ' ਇਸ ਮਕਸਦ ਲਈ ਵਰਤੇ ਜਾਂਦੇ ਹਨ ਤੇ ਇਨ੍ਹਾਂ ਦਾ ਅਸਲ ਅਰਥ ਸਾਡੀ ਸਮਝ ਦੇ ਮੁਤਾਬਕ ਬੁੱਧੀ ਨੂੰ ਵਰਤਣ ਵਾਲੇ ਲੋਕ ਹੋ ਸਕਦਾ ਹੈ, ਬੁੱਧੀ ਦੇ ਆਸਰੇ ਜਿਊਣ ਵਾਲੇ ਨਹੀਂ ਬਣਦਾ। ਇਨ੍ਹਾਂ ਲਈ ਢੁਕਵਾਂ ਸ਼ਬਦ ਜੇ ਵਰਤਣਾ ਹੋਵੇ ਤਾਂ 'ਬੁੱਧੀਮਾਨ' ਵੱਧ ਠੀਕ ਲੱਗਦਾ ਹੈ। ਖੈਰ ਉਹ ਮਾਮਲਾ ਤਾਂ ਬੁੱਧੀਜੀਵੀ ਦਾ ਸੀ, ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਇਸ ਹਫਤੇ ਇੱਕ ਲਫਜ਼ 'ਅੰਦੋਲਨ-ਜੀਵੀ' ਬੋਲ ਕੇ ਨਵਾਂ ਵਿਵਾਦ ਛੇੜ ਦਿੱਤਾ ਹੈ। ਉਸ ਨੇ ਇਹ ਵੀ ਆਖਿਆ ਕਿ ਜਿਵੇਂ 'ਪਰ-ਜੀਵੀ' ਹੁੰਦੇ ਹਨ, ਜਿਹੜੇ ਆਪਣੇ ਲਈ ਖੁਰਾਕ ਦਾ ਜੁਗਾੜ ਖੁਦ ਨਹੀਂ ਕਰਦੇ, ਸਗੋਂ ਖੁਰਾਕ ਦਾ ਪ੍ਰਬੰਧ ਕਰ ਸਕਣ ਵਾਲੇ ਜੀਵਾਂ ਨੂੰ ਚੰਬੜ ਕੇ ਉਨ੍ਹਾਂ ਦੇ ਆਸਰੇ ਜਿਊਂਦੇ ਹਨ, ਏਦਾਂ ਹੀ 'ਅੰਦੋਲਨ-ਜੀਵੀ' ਹਨ, ਜਿਹੜੇ ਕਿਸੇ ਵੀ ਕਿਸਮ ਦਾ ਕੋਈ ਵੀ ਅੰਦੋਲਨ ਹੋਵੇ, ਉਸ ਨਾਲ ਜੁੜ ਜਾਂਦੇ ਅਤੇ ਆਪਣਾ ਕੰਮ ਚਲਾਉਂਦੇ ਹਨ। ਉਨ੍ਹਾਂ ਦੇ ਇਸ ਤਰ੍ਹਾਂ ਕਹਿਣ ਦਾ ਵੱਡੇ ਪੱਧਰ ਉੱਤੇ ਵਿਰੋਧ ਹੋਇਆ ਤੇ ਕਈ ਲੋਕਾਂ ਨੇ ਜਵਾਬ ਵਿੱਚ ਮੋਦੀ ਦੀ ਪਾਰਟੀ ਭਾਜਪਾ ਦੇ ਆਗੂਆਂ ਨੂੰ 'ਚੰਦਾ-ਜੀਵੀ' ਤੋਂ ਸ਼ੁਰੂ ਕਰ ਕੇ 'ਦੰਗਾ-ਜੀਵੀ' ਅਤੇ 'ਰਕਤ-ਜੀਵੀ' ਤੱਕ ਦੇ ਮੋੜਵੇਂ ਮਿਹਣੇ ਮਾਰੇ ਹਨ। ਨਰਿੰਦਰ ਮੋਦੀ ਕਿਸੇ ਧਿਰ ਵੱਲੋਂ ਵੀ ਮਾਰੇ ਗਏ ਮਿਹਣੇ ਦੀ ਪ੍ਰਵਾਹ ਨਹੀਂ ਕਰਦਾ ਹੁੰਦਾ, ਉਹ ਜਿੱਦਾਂ ਚੱਲ ਰਿਹਾ ਸੀ, ਓਸੇ ਤਰ੍ਹਾਂ ਚੱਲ ਰਿਹਾ ਹੈ।

ਸਾਰਿਆਂ ਨੂੰ ਪਤਾ ਹੈ ਕਿ ਪ੍ਰਧਾਨ ਮੰਤਰੀ ਮੋਦੀ ਨੇ ਇਸ ਲਫਜ਼ ਨਾਲ ਚੋਟ ਇੱਕ ਖਾਸ ਆਗੂ ਬਾਰੇ ਕੀਤੀ ਹੈ, ਪਰ ਪ੍ਰਭਾਵ ਸਾਰੇ ਕਿਸਾਨ ਆਗੂਆਂ ਅਤੇ ਸੰਘਰਸ਼ ਕਰਨ ਵਾਲੇ ਹੋਰ ਸਾਰੇ ਲੋਕਾਂ ਬਾਰੇ ਸਾਂਝੀ ਟਿਪਣੀ ਦਾ ਬਣਿਆ ਹੈ। ਅੱਜ ਦੇ ਦੌਰ ਵਿੱਚ ਕਿਸਾਨਾਂ ਦੀ ਅਗਵਾਈ ਕਰਦੇ ਆਗੂ 'ਅੰਦੋਲਨ-ਜੀਵੀ' ਬਿਲਕੁਲ ਨਹੀਂ ਕਹੇ ਜਾ ਸਕਦੇ। ਪਰ-ਜੀਵੀ ਆਪਣੇ ਕੁਦਰਤੀ ਸੁਭਾਅ ਵਜੋਂ ਪਰਾਏ ਖੂਨ ਨਾਲ ਜਿਊਣ ਵਾਲਾ ਹੁੰਦਾ ਹੈ। ਕਿਸਾਨਾਂ ਜਾਂ ਮਜ਼ਦੂਰਾਂ ਲਈ ਸੰਘਰਸ਼ ਦਾ ਰਾਹ ਚੁਣਨ ਵਾਲੇ ਵਰਕਰ ਇਨ੍ਹਾਂ ਅੰਦੋਲਨਾਂ ਆਸਰੇ ਜ਼ਿੰਦਗੀ ਗੁਜ਼ਾਰਨ ਦੀ ਸੋਚ ਵਾਲੇ ਨਹੀਂ ਹੁੰਦੇ, ਇਹ ਲੋਕ ਕਿਸੇ ਖਾਸ ਪੜਾਅ ਉੱਤੇ ਕਿਸੇ ਖਾਸ ਮੁੱਦੇ ਉੱਤੇ ਮਜਬੂਰੀ ਵਿੱਚ ਅੰਦੋਲਨ ਦੇ ਰਾਹ ਓਦੋਂ ਪੈਂਦੇ ਹਨ, ਜਦੋਂ ਸਰਕਾਰ ਅੰਦੋਲਨ ਤੋਂ ਬਿਨਾਂ ਕੀਤੀ ਕੋਈ ਗੱਲ ਸੁਣਨ ਨੂੰ ਤਿਆਰ ਨਹੀਂ ਹੁੰਦੀ। ਇਸ ਵੇਲੇ ਚੱਲਦੇ ਕਿਸਾਨ ਅੰਦੋਲਨ ਦੇ ਆਗੂ ਵੀ ਮੋਦੀ ਸਰਕਾਰ ਦੇ ਜ਼ਿੱਦੀ ਵਿਹਾਰ ਦੇ ਕਾਰਨ ਇਸ ਅੰਦੋਲਨ ਦੇ ਮੈਦਾਨ ਵਿੱਚ ਨਿੱਤਰੇ ਹਨ, ਅੰਦੋਲਨਾਂ ਦੇ ਆਸਰੇ ਜ਼ਿੰਦਗੀ ਗੁਜ਼ਾਰਨ ਦੀ ਨੀਤ ਹੇਠ ਉਹ ਲੋਕ ਇਸ ਸੰਘਰਸ਼ ਦੇ ਲਈ ਠੰਢੀਆਂ ਰਾਤਾਂ ਨੂੰ ਸੜਕਾਂ ਉੱਤੇ ਸੌਣ ਨਹੀਂ ਆਏ। ਪ੍ਰਧਾਨ ਮੰਤਰੀ ਨੂੰ ਏਦਾਂ ਦੇ ਸ਼ਬਦਾਂ ਦੀ ਵਰਤੋਂ ਕਰਨ ਤੋਂ ਪਹਿਲਾਂ ਇਸ ਪਦਵੀ ਦੀ ਥੋੜ੍ਹੀ-ਬਹੁਤ ਝਿਜਕ ਰੱਖ ਕੇ ਬੋਲਣਾ ਚਾਹੀਦਾ ਸੀ।

ਅਸਲ ਵਿੱਚ ਜੇ ਕਿਸੇ ਨੂੰ 'ਅੰਦੋਲਨ-ਜੀਵੀ' ਕਿਹਾ ਜਾ ਸਕਦਾ ਹੈ ਤਾਂ ਉਹ ਪ੍ਰਧਾਨ ਮੰਤਰੀ ਤੇ ਉਨ੍ਹਾਂ ਦੀ ਪਾਰਟੀ ਦੇ ਲੋਕ ਹਨ, ਜਿਹੜੇ ਵੱਖ-ਵੱਖ ਅੰਦੋਲਨ ਲੋਕਾਂ ਦੇ ਵਾਸਤੇ ਨਹੀਂ, ਰਾਜ-ਗੱਦੀਆਂ ਤੱਕ ਪੁੱਜਣ ਲਈ ਖੁਦ ਚਲਾਉਂਦੇ ਰਹੇ ਹਨ ਅਤੇ ਇਸ ਵਕਤ ਵੀ ਗੱਦੀਆਂ ਕਾਇਮ ਰੱਖਣ ਲਈ ਚਲਾਈ ਜਾਂਦੇ ਹਨ। ਆਜ਼ਾਦੀ ਵੇਲੇ ਆਪਣੇ ਪਹਿਲੇ ਰਾਜਨੀਤਕ ਰੂਪ ਹਿੰਦੂ ਮਹਾਂ ਸਭਾ ਤੋਂ ਬਾਅਦ ਭਾਰਤੀ ਜਨ-ਸੰਘ ਤੋਂ ਚੱਲਦੀ ਹੋਈ ਮੁਰਾਰਜੀ ਡਿਸਾਈ ਨਾਲ ਮਿਲਣ ਤੇ ਪਿੱਛੇ ਹਟਣ ਪਿੱਛੋਂ ਨਵੀਂ ਬਣਾਈ ਭਾਰਤੀ ਜਨਤਾ ਪਾਰਟੀ ਇਸ ਸਾਰੇ ਦੌਰ ਵਿੱਚ ਹਿੰਦੂ ਭਾਈਚਾਰੇ ਦੀਆਂ ਵੋਟਾਂ ਬਟੋਰਨ ਲਈ 'ਰਾਮ ਮੰਦਰ' ਬਣਾਉਣ ਦਾ ਅੰਦੋਲਨ ਚਲਾਉਂਦੀ ਆਈ ਹੈ। ਇਸ ਪਾਰਟੀ ਨੇ ਕਦੇ 'ਰਾਸ਼ਟਰੀ ਏਕਤਾ ਅਭਿਆਨ' ਸ਼ੁਰੂ ਕੀਤਾ ਸੀ, ਕਦੀ ਰਾਮ-ਮੰਦਰ ਦੇ ਲਈ ਰੱਥ-ਯਾਤਰਾ ਚਲਾਈ ਤੇ ਕਦੇ ਜੰਮੂ-ਕਸ਼ਮੀਰ ਤੋਂ ਕੇਰਲਾ ਤੱਕ 'ਏਕਤਾਮਕਤਾ ਯਾਤਰਾ' ਸ਼ੁਰੂ ਕਰ ਕੇ ਲੋਕਾਂ ਨੂੰ ਇੱਕ ਖਾਸ ਧਰਮ ਦੇ ਨਾਂਅ ਉੱਤੇ ਬਣੀ ਇਸ ਪਾਰਟੀ ਨੂੰ ਵੋਟਾਂ ਪਾਉਣ ਲਈ ਉਕਸਾਉਣ ਦਾ ਕੰਮ ਕੀਤਾ ਸੀ। ਇਹ ਸਾਰੇ ਅੰਦੋਲਨ ਸਿਆਸੀ ਲੋੜਾਂ ਲਈ ਚਲਾਏ ਗਏ ਸਨ ਅਤੇ ਇਨ੍ਹਾਂ ਨੂੰ ਚਲਾਉਣ ਵਲਿਆਂ ਨੂੰ 'ਅੰਦੋਲਨ-ਜੀਵੀ' ਕਿਹਾ ਜਾ ਸਕਦਾ ਹੈ, ਜਦ ਕਿ ਪ੍ਰਧਾਨ ਮੰਤਰੀ ਸਾਹਿਬ ਦੂਜਿਆਂ ਬਾਰੇ ਇਹ ਗੱਲ ਕਹਿ ਰਹੇ ਹਨ। ਰਾਜਸੀ ਲੋੜਾਂ ਦੇ ਲਈ ਇਸ ਤਰ੍ਹਾਂ ਦੀਆਂ 'ਯਾਤਰਾਵਾਂ' ਅਤੇ ਅੰਦੋਲਨ ਚਲਾਉਣ ਵਾਲੀ ਇਹ ਪਾਰਟੀ ਅੱਜਕੱਲ੍ਹ ਪੱਛਮੀ ਬੰਗਾਲ ਵਿੱਚ 'ਪ੍ਰੀਵਰਤਨ ਯਾਤਰਾ' ਦਾ ਢੌਂਗ ਰਚਾ ਕੇ ਕੁਰਸੀ-ਅੰਦੋਲਨ ਚਲਾ ਰਹੀ ਹੈ। ਏਦਾਂ ਉਹ ਪਹਿਲਾਂ ਵੀ ਕਈ ਰਾਜਾਂ ਵਿੱਚ ਕਰ ਚੁੱਕੀ ਹੈ ਅਤੇ ਅੱਗੋਂ ਵੀ ਕਰਦੀ ਰਹੇਗੀ, ਪਰ ਮਿਹਣੇ ਮੋਦੀ ਸਾਹਿਬ ਹੋਰਨਾਂ ਨੂੰ ਮਾਰਦੇ ਹਨ, ਜਦ ਕਿ ਭਾਜਪਾ ਤੋਂ ਉਲਟ ਕਿਸਾਨਾਂ ਦੇ ਆਗੂ ਇਸ ਵਕਤ ਆਮ ਕਿਸਾਨਾਂ ਦੀ ਹੋਂਦ ਅਤੇ ਪੀੜ੍ਹੀਆਂ ਦੇ ਭਵਿੱਖ ਦੀ ਲੜਾਈ ਲੜਦੇ ਪਏ ਹਨ।

ਇੱਕ ਆਮ ਕਹਾਵਤ ਹੈ ਕਿ ਆਦਮੀ ਜਿਸ ਖਸਲਤ ਦਾ ਹੋਵੇ, ਉਸ ਨੂੰ ਦੂਸਰੇ ਲੋਕਾਂ ਵਿੱਚੋਂ ਵੀ ਓਦਾਂ ਦੀ ਤਸਵੀਰ ਨਜ਼ਰ ਆਉਣ ਲੱਗ ਜਾਂਦੀ ਹੈ। ਬਚਪਨ ਤੋਂ ਲੈ ਕੇ ਜਿਸ ਆਦਮੀ ਨੇ ਸਿਰਫ ਅੰਦੋਲਨ ਕੀਤੇ ਅਤੇ ਅਗਲੀ ਉਚਾਈ ਵੱਲ ਨੂੰ ਵਧਣ ਲਈ ਅੰਦੋਲਨਾਂ ਨੂੰ ਪੌੜੀਆਂ ਬਣਾ ਕੇ ਵਰਤਿਆ ਹੈ, ਉਸ ਨੂੰ ਇਹ ਸਮਝ ਨਹੀਂ ਆ ਸਕਦੀ ਕਿ ਇਸ ਦੇ ਬਿਨਾਂ ਵੀ ਕੋਈ ਅੰਦੋਲਨ ਹੁੰਦਾ ਹੈ। ਭਾਰਤ ਵਿੱਚ ਸਮਾਜ ਸੁਧਾਰ ਅੰਦੋਲਨ ਵੀ ਹੋਏ ਹਨ, ਇਸ ਦੇਸ਼ ਨੂੰ ਆਜ਼ਾਦੀ ਦਿਵਾਉਣ ਵਾਸਤੇ ਵੀ ਹੋਏ ਹਨ, ਭ੍ਰਿਸ਼ਟਾਚਾਰ ਦੇ ਵਿਰੁੱਧ ਵੀ ਅੰਦੋਲਨ ਹੋਏ ਹਨ ਅਤੇ ਧੀਆਂ ਨੂੰ ਜੰਮਣ ਤੋਂ ਪਹਿਲਾਂ ਮਾਰ ਦੇਣ ਵਾਲੀ ਗੰਦੀ ਮਾਨਸਿਕਤਾ ਠੱਲ੍ਹਣ ਲਈ ਭਰੂਣ ਹੱਤਿਆ ਵਿਰੁੱਧ ਵੀ ਅੰਦੋਲਨ ਹੋਏ ਹਨ। ਇਹੋ ਜਿਹੇ ਅੰਦੋਲਨਾਂ ਵਿੱਚ ਸ਼ਾਮਲ ਹੋਣ ਵਾਲੇ ਆਮ ਲੋਕ ਤੇ ਜਨਤਕ ਆਗੂ ਪ੍ਰਧਾਨ ਮੰਤਰੀ ਦੀ ਕੁਰਸੀ ਦਾ ਸੁਫਨਾ ਲੈਣ ਵਾਲੇ ਨਹੀਂ ਸਨ, ਉਹ ਮਨੁੱਖ ਹਿਤੈਸ਼ੀ ਸੋਚ ਨੂੰ ਪ੍ਰਣਾਏ ਹੋਣ ਕਰ ਕੇ ਇਨ੍ਹਾਂ ਅੰਦੋਲਨਾਂ ਵਿੱਚ ਕੁੱਦਦੇ ਤੇ ਜੇਲ੍ਹ ਤੱਕ ਭੁਗਤਦੇ ਰਹੇ ਸਨ। ਭਾਜਪਾ ਹਮਾਇਤੀ ਕਿਸੇ ਰਾਮਦੇਵ ਦਾ ਭ੍ਰਿਸ਼ਟਾਚਾਰ ਵਿਰੋਧੀ ਅੰਦੋਲਨ ਚੋਰ-ਚੋਰ ਦਾ ਰੌਲਾ ਪਾ ਕੇ ਆਪਣੀ ਦੁਕਾਨਦਾਰੀ ਚਮਕਾਉਣ ਵਾਲਾ ਸੀ, ਪਰ ਰਾਮਦੇਵ ਨੇ ਜਦੋਂ ਮਰਨ-ਵਰਤ ਦਾ ਸਾਂਗ ਰਚਿਆ ਸੀ ਤੇ ਸਾਰੇ ਭਾਰਤ ਦੇ ਭਾਜਪਾ ਪੱਖੀ ਸਾਧ-ਸੰਤ ਉਸ ਦਾ ਵਰਤ ਛੁਡਾਉਣ ਲਈ ਨਾਟਕ ਕਰਦੇ ਪਏ ਸਨ, ਓਦੋਂ ਓਸੇ ਹਸਪਤਾਲ ਵਿੱਚ ਇੱਕ ਅਸਲੀ ਅੰਦੋਲਨਕਾਰੀ ਅੰਤਲੇ ਸਾਹ ਲੈ ਰਿਹਾ ਸੀ। ਪ੍ਰਸਿੱਧੀ ਵਾਲੇ ਅਦਾਰੇ ਤੋਂ ਇੰਜੀਨੀਅਰ ਦੀ ਡਿਗਰੀ ਕਰਨੀ ਛੱਡ ਕੇ ਤਿਆਗੀ ਬਣੇ ਉਸ ਵਿਅਕਤੀ ਨੇ ਜਦੋਂ ਵੇਖਿਆ ਕਿ ਕੁਦਰਤ ਦੇ ਨਾਲ ਖਿਲਵਾੜ ਹੋ ਰਿਹਾ ਹੈ ਤਾਂ ਵਾਤਾਵਰਣ ਬਚਾਉਣ ਲਈ ਉਸ ਨੇ ਏਦਾਂ ਅੰਦੋਲਨ ਛੇੜਿਆ ਸੀ, ਜਿਹੜਾ ਜੀਵਨ ਦੇ ਆਖਰੀ ਸਾਹ ਤੱਕ ਜਾਰੀ ਰੱਖਿਆ ਸੀ। ਗੰਗਾ ਨਦੀ ਇਸ ਦੇਸ਼ ਵਿੱਚ ਪਵਿੱਤਰ ਮੰਨੀ ਜਾਂਦੀ ਹੈ, ਪਰ ਇਸ ਵਿੱਚ ਸਭ ਤੋਂ ਵੱਧ ਗੰਦ ਉਹੋ ਪਾਉਂਦੇ ਹਨ, ਜਿਹੜੇ ਇਸ ਨੂੰ 'ਮਾਂ ਗੰਗਾ' ਕਹਿੰਦੇ ਹਨ। ਉਸ ਇੰਜੀਨੀਅਰ ਤੋਂ ਸੰਤ ਬਣੇ ਨਿਗਮਾਨੰਦ ਨੇ ਇਸ ਗੰਦ ਨੂੰ ਰੋਕਣ ਲਈ ਅੰਦੋਲਨ ਛੇੜਿਆ ਸੀ ਅਤੇ ਇੱਕ ਸੌ ਪੰਦਰਾਂ ਦਿਨਾਂ ਦੀ ਭੁੱਖ ਹੜਤਾਲ ਦੇ ਬਾਅਦ ਆਪਣੀ ਸੋਚ ਲਈ ਜਾਨ ਵਾਰ ਗਿਆ ਸੀ। ਅਸਲੀ ਸੰਤਾਂ ਦਰਮਿਆਨ ਉਸ ਨੂੰ 'ਗੰਗਾ ਪੁੱਤਰ' ਕਿਹਾ ਜਾਂਦਾ ਹੈ। ਮੋਦੀ ਭਗਤਾਂ ਨੂੰ ਪੁੱਛ ਕੇ ਵੇਖ ਲਓ, ਉਨ੍ਹਾਂ ਵਿੱਚੋਂ ਕੋਈ ਉਸ ਬਾਰੇ ਜਾਣਦਾ ਤੱਕ ਨਹੀਂ ਹੋਵੇਗਾ, ਕਿਉਂਕਿ ਇਹ ਲੋਕ ਸਿਰਫ ਡਰਾਮਬਾਜ਼ਾਂ ਨੂੰ ਜਾਣਦੇ ਹਨ, ਅਸਲੀ ਸੰਤ ਅਤੇ ਅਸਲੀ ਅੰਦੋਲਨਕਾਰੀ ਨੂੰ ਜਾਨਣ ਲੱਗਿਆਂ ਇਨ੍ਹਾਂ ਨੂੰ ਸ਼ਰਮ ਆਉਂਦੀ ਹੈ। ਇਹੀ ਕਾਰਨ ਹੈ ਕਿ ਸੌ ਚਲਿੱਤਰ ਕਰਨ ਵਾਲਾ ਰਾਮਦੇਵ ਇਨ੍ਹਾਂ ਨੂੰ ਸਾਧੂ ਜਾਪਦਾ ਹੈ, ਆਸਾ ਰਾਮ ਤੇ ਸਿਰਸੇ ਵਾਲੇ ਰਾਮ ਰਹੀਮ ਵਰਗਾ ਦੁਰਾਚਾਰੀ ਵੀ ਇਨ੍ਹਾਂ ਨੂੰ ਸੰਤ ਤੇ ਸਮਾਜ ਸੁਧਾਰਕ ਲੱਗਦਾ ਹੈ, ਪਰ ਨੇਕੀ ਦੇ ਰਾਹ ਉੱਤੇ ਚੱਲਣ ਵਾਲੇ ਲੋਕ ਚੰਗੇ ਨਹੀਂ ਲੱਗਦੇ, ਇਸ ਲਈ ਇਹ ਲੋਕ ਉਨ੍ਹਾਂ ਦੀ ਭੰਡੀ ਕਰਨ ਵਿੱਚ ਸ਼ਾਨ ਸਮਝਦੇ ਹਨ। ਨਰਿੰਦਰ ਮੋਦੀ ਨੇ ਵੀ ਇਹੋ ਕੀਤਾ ਹੈ।

ਵਕਤ-ਵਕਤ ਦੀ ਗੱਲ ਹੁੰਦੀ ਹੈ। ਅੱਜ ਨਰਿੰਦਰ ਮੋਦੀ ਦਾ ਸਿੱਕਾ ਚੱਲਦਾ ਤੇ ਉਸ ਦੀ ਹਰ ਗੱਲ ਏਦਾਂ ਸੱਚੀ ਮੰਨੀ ਜਾਂਦੀ ਹੈ, ਜਿਵੇਂ ਪੰਜਾਬੀ ਮੁਹਾਵਰਾ ਹੈ ਕਿ 'ਲੋਕਾਂ ਦਾ ਨਹੀਂ ਦੁੱਧ ਵਿਕਦਾ, ਤੇਰਾ ਵਿਕਦਾ ਜੈ ਕੁਰੇ ਪਾਣੀ', ਪਰ ਦਿਨ ਸਦਾ ਇੱਕੋ ਜਿਹੇ ਨਹੀਂ ਰਹਿੰਦੇ ਹੁੰਦੇ। ਜਿਨ੍ਹਾਂ ਨੇ ਇੱਕ ਸਮੇਂ 'ਇੰਦਰਾ ਇਜ਼ ਇੰਡੀਆ' ਦਾ ਨਾਅਰਾ ਲਾਉਣ ਦੀ ਖੁਸ਼ੀ ਮਹਿਸੂਸ ਕੀਤੀ ਸੀ, ਉਹ ਅੱਜ ਕੱਖੋਂ ਹੌਲੇ ਹੋਏ ਪਏ ਹਨ। ਉਹ ਦਿਨ ਨਹੀਂ ਰਹਿ ਸਕੇ ਤਾਂ ਅੱਜ ਵਾਲੇ ਵੀ ਨਹੀਂ ਰਹਿਣੇ। ਸਮਾਂ ਕਦੋਂ ਕਿੱਧਰ ਨੂੰ ਪਲਟੀ ਮਾਰ ਜਾਵੇ, ਪਤਾ ਨਹੀਂ ਲੱਗਦਾ ਅਤੇ ਇਸ ਬਾਰੇ ਨਰਿੰਦਰ ਮੋਦੀ ਨੂੰ ਉਸ ਲਾਲ ਕ੍ਰਿਸ਼ਨ ਅਡਵਾਨੀ ਵੱਲ ਵੇਖ ਕੇ ਸਮਝ ਜਾਣਾ ਚਾਹੀਦਾ ਹੈ, ਜਿਹੜਾ ਕਦੀ ਡਿਪਟੀ ਪ੍ਰਧਾਨ ਮੰਤਰੀ ਹੁੰਦਿਆਂ ਅਸਲੀ ਪ੍ਰਧਾਨ ਮੰਤਰੀ ਤੋਂ ਵੱਧ ਭਾਰੂ ਗਿਣਿਆ ਜਾਂਦਾ ਸੀ ਤੇ ਅੱਜ ਉਸ ਨੂੰ ਕੋਈ ਮਿਲਣ ਵੀ ਨਹੀਂ ਜਾਂਦਾ। ਜਿਹੜੇ ਲੋਕ ਅੱਜ ਪ੍ਰਧਾਨ ਮੰਤਰੀ ਦੀ ਕੁਰਸੀ ਮੱਲੀ ਬੈਠੇ ਨਰਿੰਦਰ ਮੋਦੀ ਦੇ ਅੱਗੇ-ਪਿੱਛੇ ਨੱਚਦੇ ਫਿਰਦੇ ਹਨ, ਜ਼ਰਾ ਕੁ ਹਾਲਾਤ ਬਦਲ ਗਏ ਤਾਂ ਇਹ ਨਵੇਂ ਲੀਡਰ ਦੇ ਚਰਨ ਚੁੰਮਣ ਤੁਰ ਪੈਣਗੇ। ਬੰਦੇ ਦੇ ਜੀਵਨ ਦੀਆਂ ਤ੍ਰਿਕਾਲਾਂ ਪੈਂਦਿਆਂ ਚਿਰ ਲੱਗਦਾ ਹੈ, ਹਾਲਾਤ ਦਾ ਪ੍ਰਛਾਵਾਂ ਢਲਦਿਆਂ ਦਾ ਪਤਾ ਨਹੀਂ ਲੱਗਦਾ ਹੁੰਦਾ। ਘੁਮੰਡ ਦੇ ਘੋੜੇ ਉੱਤੇ ਚੜ੍ਹੇ ਹੋਏ ਆਗੂ ਨੂੰ ਜ਼ਰਾ ਕੁ ਧਰਤੀ ਵੱਲ ਵੇਖ ਕੇ ਬੋਲਣਾ ਚਾਹੀਦਾ ਹੈ।

---

## ਮੂੰਹ ਵਿੱਚ ਭਾਬੋ ਦੇ ਨਣਦ ਬੁਰਕੀਆਂ ਪਾਵੇ..



ਸੂਬੇਦਾਰ ਜਸਵਿੰਦਰ ਸਿੰਘ ਭੁਲੇਰੀਆ ਮਮਦੋਟ

ਨਣਦ ਭਰਜ਼ਾਈ ਦਾ ਰਿਸ਼ਤਾ ਬਹੁਤ ਹੀ ਪਿਆਰ ਵਾਲਾ ਹੁੰਦਾ ਹੈ .ਭਰਾ ਦੀ ਜੋ ਭੈਣ ਹੁੰਦੀ ਹੈ ਉਹ ਭਰਾ ਦੀ ਪਤਨੀ ਦੀ ਨਣਦ ਲਗਦੀ ਹੈ . ਬੇਸ਼ਕ ਅੱਜਕਲ ਇਕ ਹੀ ਬੱਚਾ ਰੱਖਣ ਦਾ ਰਿਵਾਜ਼ ਚਲ ਪਿਆ ਹੈ .ਪਰ ਫਿਰ ਵੀ ਜੋ ਭੈਣ ਭਰਾ ਹੁੰਦੇ ਹਨ .ਉਹਨਾਂ ਘਰਾਂ ਵਿੱਚ ਇਸ ਰਿਸਤੇ ਦੇ ਪਿਆਰ ਨੂੰ ਵੇਖਣ ਵਾਲਾ ਹੁੰਦਾ ਹੈ . ਜਿਹਨਾਂ ਘਰਾਂ ਵਿੱਚ ਮੁੰਡੇ ਨਾਲੋਂ ਕੁੜੀ ਵੱਡੀ ਹੁੰਦੀ ਹੈ ਉਸ ਦਾ ਅਕਸਰ ਵਿਆਹ ਪਹਿਲਾਂ ਹੀ ਹੋ ਜਾਂਦਾ ਹੈ .ਪਰ ਜਿਹੜੀ ਭੈਣ ਛੋਟੀ ਹੁੰਦੀ ਹੈ ਉਸ ਦਾ ਪਿਆਰ ਭਰਾ ਨਾਲ ਬਹੁਤ ਜਿਆਦਾ ਹੁੰਦਾ ਹੈ .ਕਿਉਂਕਿ ਉਹ ਭਰਾ ਦੀ ਲਾਡਲੀ ਭੈਣ ਹੁੰਦੀ ਹੈ .ਭਰਜਾਈ ਦੇ ਆਉਣ ਤੋਂ ਪਹਿਲਾਂ ਘਰ ਦੀ ਸਾਰੀ ਮੁਖਤਿਆਰੀ ਨਣਦ ਦੇ ਕੋਲ ਹੁੰਦੀ ਹੈ .ਭਰਾ ਦੇ ਵਿਆਹ ਦਾ ਸਭ ਤੋਂ ਜਿਆਦਾ ਚਾਅ ਭੈਣ ਨੂੰ ਹੀ ਹੁੰਦਾ ਹੈ .ਭੈਣ ਵਿਆਹ ਦੇ ਸਾਰੇ ਸ਼ਗਨ ਕਰਦੀ ਹੈ .ਗੀਤ ਗਾਉਂਦੀ ਥਕਦੀ ਨਹੀਂ ,ਸਿਹਰਾ ਬੰਨਦੀ ਏ ,ਕਲਗੀ ਸਜਾਉਂਦੀ ਵੀਰ ਦਾ ਮੁੱਖੜਾ ਸਵਾਰਦੀ ਹੈ .ਜਿਹੜੇ ਰਾਹਾਂ ਵਿੱਚ ਦੀ ਵੀਰ ਦੀ ਬਰਾਤ ਜਾਂਦੀ ਹੈ .ਉਹ ਰਾਹ ਵੀ ਭੈਣ ਨੂੰ ਪਿਆਰੇ ਲਗਦੇ ਹਨ .ਉਹਨਾਂ ਰਾਹਾਂ ਦੀ ਰੇਤਾਂ ਵੀ ਭੈਣ ਨੂੰ ਖੰਡ ਬਰੋਬਰ ਲਗਦੀ ਹੈ .ਵੀਰ ਜਦੋ ਭਰਜਾਈ ਨੂੰ ਵਿਆਹ ਕੇ ਲਿਆਉਂਦਾ ਹੈ .ਉਸ ਵਕਤ ਸਭ ਤੋਂ ਪਹਿਲਾਂ ਭਰਜਾਈ ਨੂੰ ਡੋਲਿਓ ਨਣਦ ਹੀ ਉਤਾਰਦੀ ਹੈ .ਬੜੀਆਂ ਪਿਆਰੀਆਂ ਪਿਆਰੀਆਂ ਬੋਲੀਆਂ ਵੀ ਪਾਉਂਦੀ ਹੈ ."ਕਿਉਂ ਖੜ੍ਹੀ ਭਾਬੋ ?ਕਿਉਂ ਖੜ੍ਹੀ ,ਨੀ ਤੂੰ ਕਿਉਂ ਖੜ੍ਹੀ ਦਿਲਗੀਰ .ਲੜ ਫੜ੍ਹ ਪਿਛੇ ਲਗ ਜਾ ,ਅਗੇ ਲਗੇਗਾ ਮੇਰਾ ਵੀਰ .. ਭਰਜਾਈ ਨੂੰ ਭਾਬੋ ਵੀ ਕਹਿੰਦੇ ਹਨ .ਨਣਦ ਭਰਜਾਈ ਦਾ ਪਿਆਰ ਵੇਖਣ ਵਾਲਾ ਹੁੰਦਾ ਹੈ .ਕਿਸੇ ਗਲੋਂ ਭਰਾ ਭਰਜਾਈ ਨਾਲ ਕਿਸੇ ਵੇਲੇ ਨਰਾਜ਼ ਵੀ ਹੋ ਜਾਵੇ ਤਾਂ ਭਰਜਾਈ ਦਾ ਪੱਖ ਨਣਦ ਹੀ ਪੂਰਦੀ ਹੈ .ਨਣਦ ਹਮੇਸ਼ਾ ਹੀ ਆਪਣੀ ਭਰਜਾਈ ਦੇ ਹੁਸਨ ਤੇ ਗਹਿਣਿਆਂ ਦੀ ਤਰੀਫ ਕਰਦੀ ਥਕਦੀ ਨਹੀਂ ."ਚੰਦ ਵਰਗੀ ਭਰਜਾਈ ਮੇਰੀ ਵੀਰ ਵਿਆਹ ਕੇ ਲਿਆਇਆ ,ਹਥੀ ਉਹਦੇ ਛਾਪਾਂ ਛੱਲੇ ਬਾਹੀਂ ਚੂੜਾ ਪਾਇਆ ,ਉੱਠ ਕੇ ਨੱਚ ਭਾਬੀਏ ਹੜ੍ਹ ਜੋਬਨ ਦਾ ਆਇਆ .ਕਹਿੰਦੇ ਹਨ ਕਿ ਪਿਆਰ ਅਤੇ ਜੰਗ ਵਿੱਚ ਸਭ ਕੁਝ ਜਾਇਜ਼ ਹੁੰਦਾ ਹੈ.ਜਦ ਨਣਦ ਤੇ ਭਰਜਾਈ ਆਪਸ ਵਿੱਚ ਘਿਉ ਤੇ ਖਿਚੜੀ ਇਕ ਹੋਈਆਂ ਹੁੰਦੀਆਂ ਹਨ .ਕਈ ਵਾਰ ਨਣਦ ਭਰਜਾਈ ਤੇ ਹੁਕਮ ਵੀ ਚਲਾਉਣ ਲਗ ਜਾਂਦੀ ਹੈ .ਹੁਕਮ ਨਨਾਣਾਂ ਦਾ ਮੰਨ ਵਡੀਏ ਭਜਾਈਏ .ਜਦੋਂ ਘਰ ਕੱਚੇ ਹੁੰਦੇ ਸੀ ਉਸ ਵਕਤ ਵੀ ਘਰਾਂ ਨੂੰ ਲਿੱਪ ਪੋਚ ਕੇ ਰਖਿਆ ਜਾਂਦਾ ਸੀ .ਕੰਧਾਂ ਉਪਰ ਵੇਲ ,ਬੂਟੇ ,ਜਾਨਵਰਾਂ ਦੀ ਸੋਹਣੀਆਂ ਸੋਹਣੀਆਂ ਤਸਵੀਰਾਂ ਬਣਾਈਆਂ ਜਾਂਦੀਆਂ ਸਨ .ਉਸ ਵਕਤ ਵੀ ਨਣਦ ਭਰਜਾਈ ਦੀ ਪ੍ਰਸੰਸਾ ਕਰਨੋ ਪਿਛੇ ਨਹੀਂ ਹਟਦੀ ਤੇ ਕਹਿਣਾ ਕਿ "ਮੇਰੇ ਵੀਰ ਦਾ ਵੇਖ ਦਰਵਾਜ਼ਾ ਭਾਬੋ ਨੇ ਪਾਈਆਂ ਮੋਰਨੀਆਂ .ਨਣਦ ਭਰਜਾਈ ਦੀ ਸਾਰੀਆਂ ਰੀਝਾਂ ਬੜੇ ਹੀ ਪਿਆਰ ਨਾਲ ਲਾਹੁੰਦੀਆਂ ਥੱਕਦੀਆਂ ਨਹੀਂ .ਫਿਰ ਜਦੋ ਵੇਲਾ ਭਰਜਾਈ ਦਾ ਆਉਂਦਾ ਹੈ ਉਹ ਵੀ ਨਣਦ ਦੀਆਂ ਰੀਝਾਂ ਪੂਰੀਆਂ ਕਰਦੀ ਹੈ .ਜਦੋ ਭਰਜਾਈ ਆਪਣੀ ਨਣਦ ਨੂੰ ਮੁਕਲਾਵੇ ਤੋਰਦੀ ਹੈ .ਉਹ ਵੀ ਸਿਫਤਾਂ ਦੇ ਪੁਲ ਬੰਨਦੀ ਨਹੀਂ ਥੱਕਦੀ .ਮੇਰੀ ਨਣਦ ਚਲੀ ਮੁਕਲਾਵੇ ,ਪਿੱਪਲੀ ਦੇ ਪੱਤ ਵਰਗੀ .ਕਦੇ ਆਖਦੀ ਏ ਕਿ ਮੇਰੀ ਨਣਦ ਚਲੀ ਮੁਕਲਾਵੇ ,ਅਲਸੀ ਦੇ ਫੁੱਲ ਵਰਗੀ .ਬੇਸ਼ਕ ਇਹ ਪਿਆਰ ਅੱਜਕਲ ਬਹੁਤਾ ਵੇਖਣ ਨਹੀਂ ਮਿਲ ਰਿਹਾ .ਕਿਉਂਕਿ ਦਾਜ ਦਹੇਜ਼ ਦੀ ਚੰਦਰੀ ਲਾਹਨਤ ਨੇ ਇਸ ਰਿਸ਼ਤੇ ਨੂੰ ਤੋੜਨ ਵਿੱਚ ਬਹੁਤ ਯੋਗਦਾਨ ਪਾਇਆ ਹੈ .ਇਸ ਮਹਿੰਗਾਈ ਦੇ ਜ਼ਮਾਨੇ ਵਿੱਚ ਕਦੇ ਕਦਾਈਂ ਵੀਰ ਜਦੋ ਆਪਣੀਆਂ ਭੈਣਾਂ ਦੀ ਰੀਝਾਂ ਪੂਰੀਆਂ ਨਹੀ ਕਰ ਸਕਦਾ . ਤਾਂ ਨਣਾਨਾਂ ਦਾ ਗੁੱਸਾ ਭਰਜਾਈਆਂ ਉਤੇ ਨਿੱਕਲ ਜਾਂਦਾ ਹੈ . ਕੁੜੀਆਂ ਨੂੰ ਆਪਣੇ ਘਰ ਦੀ ਕਿਹੜੀ ਭੁੱਲ ਹੁੰਦੀ ਹੈ .ਪਰ ਫਿਰ ਵੀ ਪਤਾ ਨਹੀਂ ਇੰਝ ਕਿਉਂ ਕਰਦੀਆਂ ਨੇ . ਰਿਸਤੇ ਨਾਤੇ ਤੇ ਆਪਸੀ ਪਿਆਰ ਨੂੰ ਪੈਸਿਆਂ ਨਾਲ ਨਹੀਂ ਤੋਲਣਾ ਚਾਹੀਦਾ .ਸਾਰੇ ਲੋਕ ਵਿਖਾਵਿਆਂ ਨੂੰ ਪਰੇ ਕਰਕੇਇਹਨਾਂ ਰਿਸਤੇ ਨਾਤਿਆਂ ਨੂੰ ਪਿਆਰ ਨਾਲ ਨਿਭਾਉਣਾ ਚਾਹੀਦਾ ਹੈ . ਮੈਨੂੰ ਉਹ ਬੋਲ ਵਾਰ ਵਾਰ ਯਾਦ ਆਉਂਦੇ ਹਨ "ਮੂੰਹ ਵਿੱਚ ਭਾਬੋ ਦੇ ਨਣਦ ਬੁਰਕੀਆਂ ਪਾਵੇ ".

ਸੂਬੇਦਾਰ ਜਸਵਿੰਦਰ ਸਿੰਘ ਭੁਲੇਰੀਆ ਮਮਦੋਟ (ਫਿਰੋਜ਼ਪੁਰ )7589155501

---

## ਦੀਨੇ ਵਰਗੇ ਲੋਕ

-ਅਮਰੀਕ ਸਿੰਘ ਦਿਆਲ

ਉਸ ਦਾ ਪੂਰਾ ਨਾਂ ਭਾਵੇਂ ਦੀਨ ਮੁਹੰਮਦ ਸੀ, ਪਰ ਜ਼ਿਆਦਾਤਰ ਲੋਕ ਉਹਨੂੰ ਦੀਨਾ ਕਰ ਕੇ ਹੀ ਜਾਣਦੇ ਸਨ। ਦੀਨ ਮੁਹੰਮਦ ਦੇ ਨਾਂਅ ਤੋਂ ਸ਼ਾਇਦ ਹੀ ਕੋਈ ਜਾਣੂ ਹੋਵੇ। ਕੱਟਵੀਂ ਦਾੜ੍ਹੀ, ਚਿੱਟੇ ਕੁੜਤੇ-ਚਾਦਰੇ ਨਾਲ ਚਿੱਟੀ ਪੱਗ ਬੰਨ੍ਹਣ ਵਾਲਾ ਦੀਨਾ ਸਾਰੇ ਪਿੰਡ ਦਾ ਚਹੇਤਾ ਸੀ। ਸਾਡੇ ਲਾਗਲੇ ਪਿੰਡ ਜੱਟਾਂ ਦੇ ਮੁਹੱਲੇ ਵਿਚਕਾਰ ਇੱਕ ਕੋਠਾ ਉਹਦਾ ਰੈਣ-ਬਸੇਰਾ ਸੀ। ਸਰੀਰ ਉਤੇ ਹੋਈ ਫੁਲਵਹਿਰੀ ਕਾਰਨ ਚਿਹਰੇ 'ਤੇ ਕਿਤੇ ਕਿਤੇ ਹੀ ਮਾਸ ਕਾਲਾ ਦਿਖਾਈ ਦਿੰਦਾ ਸੀ।

ਦੀਨਾ ਸਾਡੇ ਪਿੰਡਾਂ ਵਿੱਚ ਕਿਸੇ ਜਾਣ-ਪਛਾਣ ਦਾ ਮੁਥਾਜ ਨਹੀਂ ਸੀ। ਘਰ ਘਰ ਦਾ ਭੇਤੀ ਦੀਨਾ ਜਿੱਥੇ ਮਰਜ਼ੀ ਖਾਵੇ-ਪੀਵੇ, ਜਿੱਥੇ ਮਰਜ਼ੀ ਆਰਾਮ ਕਰੇ, ਰਾਤ ਠਹਿਰੇ, ਕੋਈ ਬੰਦਸ਼ ਨਹੀਂ ਸੀ। ਉਹ ਅਕਸਰ ਸਾਡੇ ਪਿੰਡ ਵਿਆਹ ਦੀਆਂ ਭਾਜੀਆਂ ਲੈ ਕੇ ਆਉਂਦਾ ਸੀ। ਸਿਰ ਉੱਤੇ ਗੁੜ ਦਾ ਬੋਰੂ ਲੈ ਕੇ ਸ਼ਾਮ ਵੇਲੇ ਪਿੰਡ ਪਹੁੰਚਦਾ। ਚੋਅ ਟੱਪ ਕੇ ਹਾਸੇ ਬਖੇਰਦਾ ਆਉਂਦਾ ਦੀਨਾ ਦੂਰੋਂ ਦਿਸ ਪੈਂਦਾ। ਉਨ੍ਹਾਂ ਦਿਨਾਂ ਵਿੱਚ ਵਿਆਹ ਦੇ ਛਪੇ ਕਾਰਡਾਂ ਦਾ ਹਾਲੇ ਰਿਵਾਜ਼ ਨਹੀਂ ਸੀ ਪਿਆ। ਕੋਈ ਵਿਰਲਾ-ਟਾਵਾਂ ਪਰਵਾਰ ਹੀ ਸ਼ਾਇਦ ਛਪਾਉਂਦਾ ਹੋਵੇਗਾ। ਦੋ ਸੇਰ ਗੁੜ ਪ੍ਰਤੀ ਪਰਵਾਰ ਦੇ ਹਿਸਾਬ ਨਾਲ ਅਲੱਗ ਕਰ ਦੀਨਾ ਘਰੋਂ-ਘਰੀ ਭਾਜੀਆਂ ਵੰਡਦਾ। ਉਨ੍ਹਾਂ ਦਿਨਾਂ ਵਿੱਚ ਗੁੜ ਦੀ ਕੋਈ ਕਮੀ ਨਹੀਂ ਸੀ, ਵੰਡਿਆਂ ਨਹੀਂ ਸੀ ਮੁੱਕਦਾ। ਧਾਰਮਿਕ ਸਥਾਨਾਂ 'ਤੇ ਦਿਨ-ਤਿਉਹਾਰ ਵੇਲੇ ਲੋਕ ਆਟੇ ਨਾਲ ਮਿੱਠਾ, ਭਾਵ ਗੁੜ ਦੀਆਂ ਰੋੜੀਆਂ ਦੇਣੀਆਂ ਨ ਭੁੱਲਦੇ। ਘਰ ਦੇ ਬਣਾਏ ਗੁੜ ਨਾਲ ਭੜੋਲੇ ਨੱਕੋ-ਨੱਕ ਭਰੇ ਰਹਿੰਦੇ।

ਜਦੋਂ ਚੋਅ ਟੱਪ ਕੇ ਖੇਤੋ-ਖੇਤੀ ਆਉਂਦੇ ਦੀਨੇ ਨੂੰ ਦੇਖਦੇ ਤਾਂ ਸਭ ਨੂੰ ਪਤਾ ਲੱਗ ਜਾਂਦਾ ਕਿ ਦੀਨਾ ਕਿਸੇ ਵਿਆਹ ਦੀ ਭਾਜੀ ਲੈ ਕੇ ਆਇਆ ਹੈ। ਉਹ ਆਪਣਾ ਕੰਮ ਨਿਬੇੜ ਕੇ ਦੂਜੇ ਦਿਨ ਮੋੜਾ ਪਾਉਂਦਾ। ਜਦੋਂ ਵੀ ਕਿਸੇ ਘਰ ਵਿਆਹ ਹੁੰਦਾ ਜਾਂ ਨਾਨਕੀ-ਸ਼ੱਕ ਜਾਂਦਾ ਤਾਂ ਦੀਨਾ ਮੋਹਰੀ ਹੁੰਦਾ। ਦੀਨੇ ਦੀ ਸਲਾਹ ਤੋਂ ਬਿਨਾਂ ਕੋਈ ਕਾਰ-ਵਿਹਾਰ ਪੂਰਾ ਨਾ ਹੁੰਦਾ। ਰੀਤੀ-ਰਿਵਾਜ਼ਾਂ ਅਤੇ ਮੌਕੇ ਦੀਆਂ ਰਸਮਾਂ ਦਾ ਉਹ ਪੂਰਾ ਭੇਤੀ ਸੀ। ਘਰ ਦੀਆਂ ਤ੍ਰੀਮਤਾਂ ਉਹਨੂੰ ਪੁੱਛ ਕੇ ਪੈਰ ਪੁੱਟਦੀਆਂ।

ਦੀਨੇ ਨੂੰ ਪਿੰਡ ਵਿੱਚ ਕੋਈ ਦਿੱਕਤ ਨਹੀਂ ਸੀ। ਢਿੱਲਾ-ਮੱਠਾ ਹੋਣ ਉਤੇ ਆਂਢੀ-ਗੁਆਂਢੀ ਉਹਦਾ ਖਿਆਲ ਰੱਖਦੇ। ਲੋੜ ਅਨੁਸਾਰ ਦੁਆ-ਦਾਰੂ ਕਰਦੇ। ਬਚਪਨ ਵੇਲੇ ਸਾਡੇ ਦਿਮਾਗ ਵਿੱਚ ਕਦੇ ਵੀ ਨਹੀਂ ਸੀ ਆਇਆ ਕਿ ਦੀਨਾ ਕਿਸ ਧਰਮ ਨਾਲ ਸੰਬੰਧ ਰੱਖਦਾ ਹੈ। ਭਾਈ ਵੀਰ ਸਿੰਘ ਦੀ ਕਵਿਤਾ 'ਕੁਤਬ ਦੀ ਲਾਠ' ਸ਼ਾਇਦ ਦੀਨੇ ਵਰਗੇ ਲੋਕਾਂ 'ਤੇ ਪੂਰੀ ਢੁੱਕਦੀ ਹੈ : 'ਜਾਤ ਧਰਮ ਤੇ ਅਸਲ ਨਸਲ ਨੂੰ, ਕੋਈ ਕਦੇ ਨਾ ਛਾਣੇ। ਜਦੋਂ ਸੁੰ-ਦਰਤਾ ਦਰਸ਼ਨ ਦੇਵੇ, ਸਭ ਕੋਈ ਆਪਣੀ ਜਾਣੇ।' ਦੀਨਾ ਆਪਣੇ ਸੁਭਾਅ ਕਰ ਕੇ ਕਿਸੇ ਲਈ ਪਰਾਇਆ ਨਹੀਂ ਸੀ, ਸਾਰਿਆਂ ਦਾ ਆਪਣਾ। ਭਾਈ ਵੀਰ ਸਿੰਘ ਦੀ ਕਵਿਤਾ ਦੀਆਂ ਸਤਰਾਂ ਵਰਗਾ।

ਇਹ ਅਕਸਰ ਹੁੰਦਾ ਹੈ ਕਿ ਜਦੋਂ ਬੰਦਾ ਉਮਰ ਦੇ ਦੂਜੇ ਪੜਾਅ ਵਿੱਚ ਦਾਖਲ ਹੁੰਦਾ ਹੈ ਤਾਂ ਭਵਿੱਖ ਦੀ ਸੁਰੱਖਿਆ ਬਾਰੇ ਫਿਕਰਮੰਦ ਹੋਣ ਲੱਗਦਾ ਹੈ। ਜ਼ਿੰਦਗੀ ਦੇ ਇਸ ਪੜਾਅ ਉਤੇ ਪਹੁੰਚੇ ਦੀਨੇ ਦੇ ਦਿਮਾਗ ਵਿੱਚ ਵੀ ਸ਼ਾਇਦ ਇਹੀ ਗੱਲ ਆਈ ਹੋਵੇ। ਜ਼ਿੰਦਗੀ ਦੀ ਸ਼ਾਮ ਉਹ ਆਪਣਿਆਂ ਵਿੱਚ ਬੈਠ ਕੇ ਗੁਜ਼ਾਰਨ ਦਾ ਇੱਛੁਕ ਸੀ। ਹਰ ਵਕਤ ਚੜ੍ਹਦੀ ਕਲਾ ਵਿੱਚ ਰਹਿਣ ਵਾਲਾ ਦੀਨਾ ਇੱਕ ਦਿਨ ਜਦੋਂ ਆਇਆ ਤਾਂ ਪਹਿਲਾਂ ਵਾਲੀ ਗੱਲ ਨਹੀਂ ਸੀ। ਬੋਲਾਂ ਵਿੱਚ ਉਹ ਗੁੜ੍ਹਕਾ ਵੀ ਨਹੀਂ ਸੀ। ਵੱਖੀ ਵਾਲੇ ਖੀਸੇ ਵਿੱਚੋਂ ਪਾਸਪੋਰਟ ਕੱਢ ਕੇ ਬੋਲਿਆ, "ਭਾਊ, ਤੇਰੀ ਤਾਂ ਚੰਗੀ ਬਾਕਮੀ ਐ, ਮੈਨੂੰ ਭੇਜਣ ਦਾ ਕੋਈ ਹੀਲਾ-ਵਸੀਲਾ ਕਰ ਦੇ।" ਉਸ ਦਾ ਭਾਵ ਪਾਕਿਸਤਾਨ ਵਸਦੇ ਭਰਾਵਾਂ ਕੋਲ ਪਹੁੰਚਣ ਲਈ ਵੀਜ਼ਾ ਲਗਵਾਉਣ ਤੋਂ ਸੀ। ਉਸ ਨੂੰ ਦੇਖ ਕੇ ਲੱਗਦਾ ਸੀ, ਜਿਵੇਂ ਉਹ ਲਹਿੰਦੇ ਪੰਜਾਬ ਵੱਲ ਪੰਛੀਆਂ ਵਾਂਗ ਉਡਾਰੀ ਮਾਰਨੀ ਲੋਚਦਾ ਹੋਵੇ, ਜਿਨ੍ਹਾਂ ਨੂੰ ਵੀਜ਼ੇ ਦੀ ਲੋੜ ਨਹੀਂ ਹੁੰਦੀ। ਉਸ ਦਿਨ ਤੋਂ ਬਾਅਦ ਦੀਨੇ ਨਾਲ ਕਦੇ ਮੇਲ ਨਹੀਂ ਹੋਇਆ।

ਬਜ਼ੁਰਗਾਂ ਦੇ ਦੱਸਣ ਅਨੁਸਾਰ ਵੰਡ ਵੇਲੇ ਦੀਨੇ ਦਾ ਪਰਵਾਰ ਲਹਿੰਦੇ ਪੰਜਾਬ ਚਲਾ ਗਿਆ ਸੀ। ਕਾਫੀ ਸਮੇਂ ਬਾਅਦ ਪਤਾ ਲੱਗਾ ਕਿ ਦੀਨਾ ਆਪਣੇ ਭਰਾਵਾਂ ਕੋਲ ਪਹੁੰਚ ਗਿਆ ਸੀ। ਫਿਰ ਉੱਡਦੀ ਉੱਡਦੀ ਖਬਰ ਮਿਲੀ ਕਿ ਦੀਨਾ ਸੰਸਾਰ ਨੂੰ ਅਲਵਿਦਾ ਆਖ ਗਿਆ ਹੈ। ਅੱਜ ਜਦੋਂ ਵੀ ਕਦੇ ਯਾਦਾਂ ਫੇਰੇ ਪਾਉਂਦੀਆਂ ਹਨ ਤਾਂ ਦੁੱਧ-ਚਿੱਟੇ ਕੱਪੜਿਆਂ ਵਿੱਚ ਸਿਰ 'ਤੇ ਬੋਰੂ ਚੁੱਕੀ ਆਉਂਦੇ ਅਤੇ ਹਾਸੇ ਬਖੇਰਦੇ ਦੀਨੇ ਦੀ ਝਾਉਲਾ ਪੈਂਦਾ ਹੈ। ਦੀਨੇ ਵਰਗੇ ਲੋਕ ਅਜੇ ਵੀ ਸਭ ਦੇ ਸਾਂਝੇ ਹਨ, ਭਾਵੇਂ ਉਹ ਕਿਸੇ ਵੀ ਮਜ਼੍ਹਬ ਜਾਂ ਜਾਤ ਨਾਲ ਸੰਬੰਧ ਰੱਖਦੇ ਹੋਣ।

---

## ਲੋਕਾਂ ਨੂੰ ਨਿੰਦਣਾ ਛੱਡੀਏ

ਆਪਣੇ ਜੀਵਨ ਵਿੱਚ ਬਹੁਤ ਸਫ਼ਲ ਰਹਿ ਚੁੱਕੇ ਵਿਅਕਤੀਆਂ ਦੀ ਜੀਵਨੀ ਪੜੀਏ ਤਾਂ ਪਤਾ ਲੱਗਦਾ ਹੈ ਕਿ ਉਹ ਹਮੇਸ਼ਾ ਆਪਣੇ ਆਪ ਵੱਲ ਧਿਆਨ ਦਿੰਦੇ ਸਨ। ਉਹਨਾਂ ਨੂੰ ਦੂਸਰੇ ਲੋਕਾਂ ਨਾਲ ਕੋਈ ਫਰਕ ਨਹੀਂ ਸੀ ਪੈਂਦਾ। ਪਰ ਜੇਕਰ ਅਸੀਂ ਆਪਣੇ ਸਮਾਜ ਜਾਂ ਆਮ ਲੋਕਾਂ ਦੀ ਗੱਲ ਕਰੀਏ ਤਾਂ ਅਸੀਂ ਸਾਰੇ ਆਪਣਾ ਵਧੇਰੇ ਸਮਾਂ ਦੂਸਰਿਆਂ ਦੀਆਂ ਤਰੀਫਾਂ ਕਰਨ ਜਾਂ ਨਿੰਦਿਆ ਕਰਨ ਵਿੱਚ ਅਜਾਈ ਗਵਾ ਦਿੰਦੇ ਹਾਂ। ਕੀ ਅਸੀਂ ਸੱਚਮੁੱਚ ਏਨੇ ਵਿਹਲੇ ਹਾਂ ਕਿ ਦੂਸਰਿਆਂ ਦੇ ਨੁਕਸ ਕੱਢ ਸਕੀਏ? ਮੈਂ ਆਮ ਹੀ ਦੇਖਦੀ ਹਾਂ ਕਿ ਅਸੀਂ ਕਿਸੇ ਦੇ ਵੀ ਕੱਪੜਿਆਂ, ਬੋਲਚਾਲ, ਰਹਿਣ ਸਹਿਣ, ਆਮਦਨ ਆਦਿ ਉੱਤੇ ਕੋਈ ਨਾ ਕੋਈ ਟੀਕਾ ਟਿੱਪਣੀ ਕਰਦੇ ਰਹਿੰਦੇ ਹਾਂ। ਜਿਸ ਦਾ ਕੋਈ ਅਰਥ ਜਾਂ ਫਾਇਦਾ ਨਹੀਂ ਹੁੰਦਾ। ਕਿਉਂਕਿ ਅਸੀਂ ਕੇਵਲ ਆਪਣਾ ਸਮਾਂ ਅਜਾਈ ਗਵਾਉਂਦੇ ਹਾਂ । ਜੇਕਰ ਗੱਲ ਨਿੰਦਿਆ ਦੀ ਕੀਤੀ ਜਾਵੇ ਤਾਂ ਭਾਰਤੀ ਸਮਾਜ ਵਿੱਚ ਇਹ ਆਦਤ ਬਹੁਤ ਆਮ ਹੈ। ਕਈ ਵਾਰ ਲੋਕ ਇੱਕ ਦੂਸਰੇ ਨੂੰ ਤਰੱਕੀ ਕਰਦਿਆਂ ਅੱਗੇ ਵਧਦਿਆਂ ਵੇਖ ਕੇ ਹੀ ਬਿਨਾ ਕਿਸੇ ਕਾਰਨ ਨਿੰਦਿਆ ਕਰਦੇ ਰਹਿੰਦੇ ਹਨ । ਜਦੋਂ ਅਸੀਂ ਕਿਸੇ ਦੂਸਰੇ ਵਿੱਚ ਕਮੀਆਂ ਲੱਭਣ ਦੀ ਸ਼ੁਰੂਆਤ ਕਰਦੇ ਹਾਂ ਤਾਂ ਕਿਤੇ ਨਾ ਕਿਤੇ ਉਹੀ ਕਮੀ ਸਾਡੇ ਦਿਮਾਗ ਵਿੱਚ ਵੀ ਫਿੱਟ ਹੋ ਜਾਂਦੀ ਹੈ, ਜੋ ਅੱਗੇ ਜਾ ਕੇ ਸਾਡੀ ਆਦਤ ਬਣ ਜਾਂਦੀ ਹੈ। ਜੇਕਰ ਅਸੀਂ ਕਿਸੇ ਦੀਆਂ ਨਿੱਕੀਆਂ ਨਿੱਕੀਆਂ ਗਲਤੀਆਂ ਉਪਰ ਧਿਆਨ ਦੇਣਾ ਸ਼ੁਰੂ ਕਰਦੇ ਹਾਂ ਤਾਂ ਇਹ ਸਾਡੀ ਸਖਸੀਅਤ ਵਿੱਚ ਬਹੁਤ ਵੱਡੀ ਮੁਸ਼ਕਿਲ ਖੜੀ ਕਰ ਦਿੰਦੀਆਂ ਹਨ। ਹਰ ਇਨਸਾਨ ਇਕੋ ਜਿਹਾ ਨਹੀਂ ਹੋ ਸਕਦਾ। ਇਹ ਸੰਸਾਰ ਇਸੇ ਲਈ ਖ਼ੂਬਸੂਰਤ ਹੈ ਕਿਉਂਕਿ ਇੱਥੇ ਵਖਰੇਵਾਂ ਹੈ, ਕੁਦਰਤ ਦੇ ਅਨੇਕਾਂ ਰੰਗ ਹਨ। ਵੈਸੇ ਤਾਂ ਪਰਮਾਤਮਾ ਨੇ ਸਾਰਿਆਂ ਨੂੰ ਇੱਕੋ ਜਿਹੇ ਬਣਾਇਆ ਹੈ ਪਰ ਜੇਕਰ ਸਾਡੇ ਵਿੱਚ ਕੋਈ ਵਖਰੇਵਾਂ ਨਾ ਹੁੰਦਾ ਤਾਂ ਅਸੀਂ ਅਲੱਗ ਪਹਿਚਾਣ ਦੇ ਮਾਲਿਕ ਨਹੀਂ ਸੀ ਹੋਣਾ। ਸਾਨੂੰ ਵਖਰੇਵਿਆਂ ਦਾ ਸਤਿਕਾਰ ਕਰਨਾ ਚਾਹੀਦਾ ਹੈ। ਕਿਸੇ ਉੱਪਰ ਦੋਸ਼ ਲਗਾਉਣੇ ਅਤੇ ਨਿੰਦਿਆ ਕਰਨੀ ਬੰਦ ਕਰੀਏ। ਕਿਸੇ ਵਿੱਚ ਕੋਈ ਵੀ ਬਦਲਾਵ ਦੀ ਤਾਂਘ ਰੱਖਣ ਦੀ ਬਜਾਇ ਸਾਨੂੰ ਆਪਣੇ ਸਖਸ਼ੀਅਤ ਨੂੰ ਨਿਖਾਰਣ ਵੱਲ ਧਿਆਨ ਕੇਂਦਰਿਤ ਕਰਨਾ ਚਾਹੀਦਾ ਹੈ। ਲੋਕਾਂ ਵਿੱਚ ਕਮੀਆ ਲੱਭਣੀਆਂ ਜਾਂ ਲੋਕਾਂ ਨੂੰ ਨਿੰਦਣਾ ਵਿਹਲੜ ਲੋਕਾਂ ਦਾ ਕੰਮ ਹੈ, ਇਹ ਕਿਸੇ ਚੰਗੀ ਸ਼ਖਸੀਅਤ ਗੁਣ ਨਹੀ ਹਨ। ਸਾਨੂੰ ਵੱਧ ਤੋਂ ਵੱਧ ਸਮਾਂ ਆਪਣੇ ਟੀਚੇ ਨੂੰ ਸਰ ਕਰਨ ਅਤੇ ਆਪਣੀ ਸਖਸ਼ੀਅਤ ਨੂੰ ਨਿਖਾਰਣ ਵੱਲ ਲਗਾਉਣਾ ਚਾਹੀਦਾ ਹੈ, ਇੱਕ ਅਜਿਹੀ ਸ਼ਖਸੀਅਤ ਉਸਾਰਨੀ ਚਾਹੀਦੀ ਹੈ ਜੋ ਲੋਕਾਂ ਲਈ ਮਿਸਾਲ ਹੋਵੇ ਅਤੇ ਸਾਨੂੰ ਸਕੂਨ ਦੇਵੇ।

ਹਰਕੀਰਤ ਕੌਰ

---

## ਕਰੇ ਕੋਈ, ਭਰੇ ਕੋਈ

-ਰਵਨੀਤ ਕੌਰ

ਪੰਜਾਬ ਵਿੱਚ ਨਗਰ ਕੌਂਸਲ ਚੋਣਾਂ ਕਾਰਨ ਮਾਹੌਲ ਭਖਿਆ ਪਿਆ ਸੀ। ਸਾਰੀਆਂ ਪਾਰਟੀਆਂ ਦੇ ਉਮੀਦਵਾਰ ਵੋਟਰਾਂ ਨਾਲ ਤਾਂ ਨਵੇਂ ਤੇ ਨੇੜਲੇ ਰਿਸ਼ਤੇ ਗੰਢਣ ਦੀ ਕੋਸ਼ਿਸ਼ ਕਰ ਹੀ ਰਹੇ ਸਨ, ਆਪਣੇ ਪ੍ਰਚਾਰ ਨੂੰ ਵਡੇਰਾ ਤੇ ਵਧੇਰਾ ਦਰਸਾਉਣ ਖਾਤਰ ਸਾਰੇ ਤਾਏ, ਚਾਚੇ, ਮਾਮੇ, ਭੂਆ, ਮਾਸੀਆਂ ਦੇ ਨਾਲ ਹੇਜ ਜਤਾ ਰਹੇ ਹਨ। ਇਸ ਸਦਕਾ ਪਰਵਾਰ ਦੀਆਂ ਘਰੇਲੂ ਸੁਆਣੀਆਂ ਤੇ ਸੇਵਾਮੁਕਤ ਜੀਆਂ ਦੀ ਵੁੱਕਤ ਕਾਫੀ ਵਧ ਗਈ। ਇਸ ਤਬਕੇ ਦੇ ਕਾਫੀ ਲੋਕ ਮੂੰਹ ਮੁਲਾਹਜ਼ੇ ਕਾਰਨ ਇਨ੍ਹਾਂ ਪਾਰਟੀਆਂ ਦੇ ਪ੍ਰਚਾਰ-ਤੰਤਰ ਦਾ ਹਿੱਸਾ ਬਣੇ ਹੋਏ ਸਨ।

ਇਸ ਬਾਰੇ ਗੱਲਾਂ ਉਦੋਂ ਪਤਾ ਲੱਗੀਆਂ ਜਦੋਂ ਮੇਰੇ ਇੱਕ ਨੇੜਲੇ ਜਾਣਕਾਰ ਸਾਡੇ ਕੋਲ ਚੰਡੀਗੜ੍ਹ ਆਏ। ਉਹ ਸਾਡੇ ਕੋਲ ਮਸਾਂ ਤਿੰਨ ਘੰਟੇ ਰੁਕੇ ਹੋਣਗੇ। ਇਸ ਦੌਰਾਨ ਇੱਕ ਦੋ ਮਹਿਲਾ ਉਮੀਦਵਾਰਾਂ ਦੇ ਪਤੀ ਨੇ ਉਨ੍ਹਾਂ ਨੂੰ ਆਪਣੇ ਕੋਲ ਪ੍ਰਚਾਰ ਲਈ ਸੱਦਣਾ ਚਾਹਿਆ। ਉਹ ਚੰਡੀਗੜ੍ਹ ਆਏ ਹੋਣ ਕਾਰਨ ਪ੍ਰਚਾਰ ਮੁਹਿੰਮ ਵਿੱਚ ਜਾ ਨਾ ਸਕੇ। ਮੇਰੇ ਪੁੱਛਣ 'ਤੇ ਉਨ੍ਹਾਂ ਬੜੀ ਮਜ਼ੇਦਾਰ ਗੱਲ ਸੁਣਾਈ। ਉਨ੍ਹਾਂ ਦੱਸਿਆ ਕਿ ਇੱਕ ਪਾਰਟੀ ਦੀ ਉਮੀਦਵਾਰ ਉਨ੍ਹਾਂ ਦੇ ਘਰ ਵੋਟਾਂ ਮੰਗਣ ਆਈ, ਮਤਲਬ ਕੀੜੀ ਘਰ ਨਰਾਇਣ ਪਧਾਰੇ। ਉਸ ਦਾ ਵੋਟਾਂ ਮੰਗਣ ਦਾ ਅੰਦਾਜ਼ ਬੜਾ ਨਿਰਾਲਾ ਅਤੇ ਨਿਵੇਕਲਾ ਸੀ। ਆਪਣਾ ਨਾਂਅ ਪਤਾ ਦੱਸ ਕੇ ਉਸ ਨੇ ਕਿਹਾ ਕਿ ਉਹ ਨਵੀਂ ਬਣੀ ਪਾਰਟੀ ਵੱਲੋਂ ਚੋਣ ਮੈਦਾਨ ਵਿੱਚ ਹੈ, ਉਹ ਲੋਕਾਂ ਲਈ ਬੜਾ ਕੁਝ ਕਰਨਾ ਚਾਹੁੰਦੀ ਹੈ, ਇਸ ਲਈ ਸਾਰਾ ਪਰਵਾਰ ਉਸ ਨੂੰ ਵੋਟ ਪਾਵੇ। ਇਹ ਆਖ ਕੇ ਉਹ ਚਲੀ ਗਈ ਅਤੇ ਗੱਲ ਆਈ ਗਈ ਹੋ ਗਈ। ਥੋੜ੍ਹੇ ਦਿਨਾਂ ਬਾਅਦ ਮੇਰੇ ਜਾਣਕਾਰ ਨੂੰ ਪਤਾ ਲੱਗਾ ਕਿ ਉਸ ਬੀਬੀ ਨੇ ਪਾਰਟੀ ਦਾ ਨਾਂਅ ਗਲਤ ਦੱਸਿਆ ਸੀ। ਇਹ ਸੁਣ ਕੇ ਮੈਂ ਕਿਹਾ, "ਉਹਨੂੰ ਪੁੱਛਣਾ ਸੀ, ਬਈ ਤੂੰ ਝੂਠ ਕਿਉਂ ਬੋਲਿਆ ਅਤੇ ਆਪਣੀ ਪਾਰਟੀ ਦਾ ਨਾਂਅ ਦੱਸਦਿਆਂ ਡਰਨ ਦੀ ਕੀ ਲੋੜ ਹੈ?"

ਇਸ ਗੱਲ ਦਾ ਜਵਾਬ ਇਉਂ ਮਿਲਿਆ: ਗੱਲ ਇਹ ਹੋਈ ਕਿ ਉਹ ਮਹਿਲਾ ਉਮੀਦਵਾਰ ਬੜੀ ਹਲੀਮੀ ਨਾਲ ਦਰ ਦਰ ਵੋਟਾਂ ਮੰਗਣ ਜਾਂਦੀ ਹੈ। ਇੱਕ ਘਰ ਗਈ ਤਾਂ ਘਰ ਦੇ ਬਜ਼ੁਰਗ ਕੋਲ ਜਾ ਕੇ ਵੋਟਾਂ ਪਾਉਣ ਲਈ ਬੇਨਤੀ ਕੀਤੀ। ਉਸ ਦੀ ਨਿਰਮਾਣਤਾ ਦੇਖ ਕੇ ਬਜ਼ੁਰਗ ਬੜਾ ਪ੍ਰਭਾਵਤ ਹੋਇਆ ਤੇ ਸ਼ਾਇਦ ਮਨ ਹੀ ਮਨ ਉਸ ਨੂੰ ਵੋਟ ਪਾਉਣ ਲਈ ਸਹਿਮਤ ਵੀ ਹੋਣ ਲੱਗਾ। ਅਗਲੇ ਹੀ ਪਲ ਉਸ ਨੇ ਸਹਿਜ ਸੁਭਾਅ ਪੁੱਛਿਆ, "ਬੀਬਾ, ਕਿਹੜੀ ਪਾਰਟੀ ਤਰਫੋਂ ਚੋਣ ਲੜ ਰਹੇ ਓ?" ਉਮੀਦਵਾਰ ਨੇ ਦੱਬਵੀਂ ਜਿਹੀ ਆਵਾਜ਼ ਵਿੱਚ ਉਸ ਪਾਰਟੀ ਦਾ ਨਾਂਅ ਲਿਆ ਜਿਹੜੀ ਕਿਸਾਨ ਮੋਰਚੇ ਖਿਲਾਫ ਸਟੈਂਡ ਲੈਂਦੀ ਆ ਰਹੀ ਹੈ। ਜਿਹੜਾ ਬਜ਼ੁਰਗ ਉਸ ਦੀ ਨਿਰਮ-ਾਣਤਾ ਤੋਂ ਕਾਇਲ ਹੋ ਕੇ ਅਪਣੱਤ ਨਾਲ ਪੇਸ਼ ਆ ਰਿਹਾ ਸੀ, ਉਹ ਇਕਦਮ ਅੱਗ-ਬਬੂਲਾ ਹੋ ਕੇ ਆਖਣ ਲੱਗਾ, "ਬੀਬਾ, ਤੇਰੀ ਥਾਂ ਜੇ ਕੋਈ ਆਦਮੀ ਹੁੰਦਾ ਤਾਂ ਮੈਂ ਉਸ ਨਾਲ ਉਹ ਕੁਪੱਤ ਕਰਨੀ ਸੀ, ਜੋ ਉਹ ਜ਼ਿੰਦਗੀ ਵਿੱਚ ਯਾਦ ਰੱਖਦਾ, ਪਰ ਤੂੰ ਔਰਤ ਹੈਂ, ਇਸ ਕਾਰਨ ਮੈਂ ਤੈਨੂੰ ਅਪਸ਼ਬਦ ਨਹੀਂ ਬੋਲਣਾ ਚਾਹੁੰਦਾ। ਬੀਬਾ, ਇਸ ਤੋਂ ਪਹਿਲਾਂ ਕਿ ਮੇਰਾ ਗੁੱਸਾ ਬੇਕਾਬੂ ਹੋਵੇ, ਤੂੰ ਅੱਖ ਦੇ ਫੋਰ ਵਿੱਚ ਸਾਡੀ ਦਿਹਲੀ ਤੋਂ ਬਾਹਲ ਹੋ ਜਾ।" ਬਜ਼ੁਰਗ ਦਾ ਚਿਹਰਾ ਗੁੱਸੇ ਨਾਲ ਲਾਲ ਹੋ ਗਿਆ ਸੀ। ਵਿਚਾਰੀ ਉਮੀਦਵਾਰ ਕੱਖੋਂ ਹੌਲੀ ਹੋ ਕੇ ਘਰੋਂ ਬਾਹਰ ਨਿਕਲ ਗਈ।

ਸਾਡੇ ਜਾਣਕਾਰ ਦੇ ਘਰ ਵੋਟਾਂ ਮੰਗਣ ਵੇਲੇ ਉਸ ਉਮੀਦਵਾਰ ਨੂੰ ਇਹੀ ਡਰ ਸਤਾ ਰਿਹਾ ਸੀ ਕਿ ਉਸ ਨਾਲ ਕਿਤੇ ਪਹਿਲਾਂ ਵਾਲੀ ਹੀ ਨਾ ਹੋ ਜਾਵੇ। ਸਿਆਣਿਆਂ ਨੇ ਐਵੇਂ ਨਹੀਂ ਕਿਹਾ ਕਿ ਕਰੇ ਕੋਈ, ਭਰੇ ਕੋਈ। ਕਿਸਾਨਾਂ ਦੇ ਖਿਲਾਫ ਲਏ ਸਟੈਂਡ ਦਾ ਹਰਜਾਨਾ ਸਥਾਨਕ ਪੱਧਰ ਦੇ ਆਗੂਆਂ ਅਤੇ ਉਮੀਦਵਾਰਾਂ ਨੂੰ ਭਰਨਾ ਪੈ ਰਿਹਾ ਹੈ। ਉਹ ਵਿਚਾਰੇ ਵੀ ਕੀ ਕਰਨ, ਨਗਰ ਕੌਂਸਲ ਚੋਣਾਂ ਕਾਰਨ ਘਰੋਂ ਨਿਕਲਣਾ ਪੈ ਰਿਹਾ ਅਤੇ ਲੋਕਾਂ ਦੇ ਰੂ ਬ ਰੂ ਹੋਣਾ ਪੈ ਰਿਹਾ ਹੈ। ਉਂਝ ਇਸ ਪਾਰਟੀ ਦੇ ਆਗੂ ਜਾਣਦੇ ਹਨ ਕਿ ਜਦੋਂ ਅੰਦੋਲਨਕਾਰੀ ਕਿਸਾਨਾਂ ਦੇ ਹਮਾਇਤੀ ਲੋਕ ਸਰਕਾਰ ਦੇ ਪੱਖ ਅਤੇ ਕਿਸਾਨਾਂ ਦੇ ਵਿਰੋਧ ਵਿੱਚ ਮਸਾਂ ਇੱਕ ਟਵੀਟ ਕਰਨ ਵਾਲੇ ਫਿਲਮੀ ਸਿਤਾਰਿਆਂ ਤੇ ਖੇਡ ਜਗਤ ਦੀਆਂ ਸ਼ਖਸੀਅਤਾਂ ਨੂੰ ਨਹੀਂ ਬਖਸ਼ ਰਹੇ ਤਾਂ...।

# ਵਿਧਾਇਕ ਦੀ ਫਰਜ਼ੀ ਅਸ਼ਲੀਲ ਵੀਡੀਓ ਵਾਇਰਲ ਕਰਨ ਵਾਲੇ ਨੇ ਧਮਕੀ ਪੱਤਰ ਰਾਹੀਂ 50 ਲੱਖ ਮੰਗੇ

ਲੁਧਿਆਣਾ, 14 ਫਰਵਰੀ (ਪੋਸਟ ਬਿਊਰੋ)- ਕਾਂਗਰਸੀ ਵਿਧਾਇਕ ਸੰਜੇ ਤਲਵਾੜ ਦੀ ਫਰਜ਼ੀ ਅਸ਼ਲੀਲ ਵੀਡੀਓ ਬਣਾ ਕੇ ਸੋਸ਼ਲ ਮੀਡੀਆ 'ਤੇ ਵਾਇਰਲ ਕਰਨ ਵਾਲੇ ਨੇ ਉਨ੍ਹਾਂ ਨੂੰ ਧਮਕੀ-ਪੱਤਰ ਭੇਜ ਕੇ ਪੰਜਾਹ ਲੱਖ ਰੁਪਏ ਦੀ ਮੰਗ ਕੀਤੀ ਤੇ ਨਾਲ ਧਮਕੀ ਦਿੱਤੀ ਹੈ ਕਿ ਜੇ ਉਸ ਦੀ ਮੰਗ ਪੂਰੀ ਨਾ ਕੀਤੀ ਗਈ ਤਾਂ ਉਹ ਹੋਰ ਵੀ ਫੇਕ ਅਸ਼ਲੀਲ ਵੀਡੀਓ ਬਣਾ ਕੇ ਸੋਸ਼ਲ ਮੀਡੀਆ ਦੇ ਹੋਰ ਪਲੇਟਫਾਰਮ ਉੱਤੇ ਪਾ ਦੇਵੇਗਾ।



ਥਾਣਾ ਟਿੱਬਾ ਦੀ ਪੁਲਸ ਨੇ ਅਣਪਛਾਤੇ ਵਿਅਕਤੀ 'ਤੇ ਵਿਧਾਇਕ ਨੂੰ ਬਲੈਕਮੇਲ ਕਰਨ, ਉਸ ਨੂੰ ਠੇਸ ਪਹੁੰਚਾਉਣ ਅਤੇ ਆਈ ਟੀ ਐਕਟ ਦਾ ਕੇਸ ਦਰਜ ਕੀਤਾ ਹੈ। ਹਰਗੋਬਿੰਦ ਨਗਰ ਦੇ ਵਾਸੀ ਪੰਜਾਹ ਸਾਲਾ ਸੰਜੇ ਤਲਵਾੜ ਇਸ ਸ਼ਹਿਰ ਦੇ ਹਲਕਾ ਪੂਰਬੀ ਤੋਂ ਮੌਜੂਦਾ ਕਾਂਗਰਸੀ ਵਿਧਾਇਕ ਹਨ। ਉਹ ਆਲ ਇੰਡੀਆ ਕਾਂਗਰਸ ਕਮੇਟੀ ਦੇ ਮੈਂਬਰਵੀ ਹਨ। ਕੁਝ ਦਿਨ ਪਹਿਲਾਂ ਉਨ੍ਹਾਂ ਦੀ ਪਤਨੀ ਦਾ ਦਿਹਾਂਤ ਹੋਇਆ ਸੀ। ਪੁਲਸ ਨੂੰ ਦਿੱਤੀ ਸ਼ਿਕਾਇਤ ਵਿਚ ਸੰਜੇ ਦਾ ਕਹਿਣਾ ਹੈ ਕਿ ਉਹ ਪਤਨੀ ਦੀ ਮੌਤ ਦੇ ਦੁੱਖ ਤੋਂ ਹਾਲੇ ਉਭਰ ਨਹੀਂ ਸਕੇ ਕਿ ਉਨ੍ਹਾਂ ਦੇ ਸਿਆਸੀ ਕਰੀਅਰ ਅਤੇ ਅਕਸ ਨੂੰ ਧੁੰਦਲਾ ਕਰਨ ਲਈ ਕੁਝ ਦਿਨ ਪਹਿਲਾਂ ਕਿਸੇ ਸ਼ਖਸ ਨੇ ਉਨ੍ਹਾਂ ਨਾਲ ਮਿਲਦੇ-ਜੁਲਦੇ ਇੱਕ ਬੰਦੇ ਦੀ ਡਾਂਸ ਪਾਰਟੀ 'ਚ ਲੜਕੀ ਨਾਲ ਅਸ਼ਲੀਲ ਹਰਕਤਾਂ ਕਰਨ ਦੀ ਫੇਕ ਵੀਡੀਓ ਫੇਸਬੁਕ ਉੱਤੇ 'ਕਾਂਗਰਸ ਮੁਕਤ ਪੰਜਾਬ' ਨਾਂਅ ਦੇ ਪੇਜ ਅਤੇ ਸੋਸ਼ਲ ਮੀਡੀਆ ਉਤੇ ਵਾਇਰਲ ਕਰ ਦਿੱਤੀ ਤੇ ਉਸ ਦੇ ਹੇਠਾਂ ਇਤਰਾਜ਼ਯੋਗ ਸ਼ਬਦਾਂ ਦੀ ਵਰਤੋਂ ਕੀਤੀ ਹੈ।ਉਨ੍ਹਾਂ ਦੱਸਿਆ ਕਿ ਕੱਲ੍ਹ ਜਦੋਂ ਉਨ੍ਹਾਂ ਦੇ ਪੀ ਏ ਕੰਵਲਜੀਤ ਸਿੰਘ ਬੌਬੀ ਨੇ ਤਾਜਪੁਰ ਰੋਡ ਦਾ ਉਨ੍ਹਾਂ ਦਾ ਦਫਤਰ ਖੋਲ੍ਹਿਆ ਤਾਂ ਸ਼ਟਰ ਹੇਠੋਂ ਉਸ ਨੂੰ ਇੱਕ ਪੱਤਰ ਮਿਲਿਆ, ਜਿਸ ਵਿੱਚ ਧਮਕੀ ਦਿੱਤੀ ਗਈ ਸੀ ਕਿ ਜੇ ਉਸ ਨੇ ਪੰਜਾਹ ਲੱਖ ਰੁਪਏ ਜਲਦੀ ਨਾ ਦਿੱਤੇ ਤਾਂ ਉਨ੍ਹਾਂ ਦੀਆਂ ਹੋਰ ਫਰਜ਼ੀ ਅਸ਼ਲੀਲ ਵੀਡੀਓ ਬਣਾ ਕੇ ਫੇਸਬੁਕ 'ਤੇ ਪੋਸਟ ਕਰ ਦੇਵੇਗਾ। ਸੰਜੇ ਨੇ ਕਿਹਾ ਕਿ ਇਹ ਸਭ ਉਨ੍ਹਾਂ ਦੇ ਵਿਰੋਧੀਆਂ ਦਾ ਕੰਮ ਹੈ, ਜੋ ਉਸ ਦੀ ਅਤੇ ਉਸ ਦੇ ਪਰਵਾਰ ਦੀ ਇੱਜ਼ਤ ਨੂੰ ਠੇਸ ਪਹੁੰਚਾਉਣਾ ਚਾਹੁੰਦੇ ਹਨ।

# ਟਾਡਾ ਐਕਟ ਦੇ ਭਗੌੜੇ ਦੀ 2.15 ਕਰੋੜ ਦੀ ਅਚੱਲ ਜਾਇਦਾਦ ਅਟੈਚ

ਪਟਿਆਲਾ, 14 ਫਰਵਰੀ (ਪੋਸਟ ਬਿਊਰੋ)- ਭਗੌੜੇ ਅਪਰਾਧੀਆਂ ਖਿਲਾਫ ਸਖਤੀ ਕਰਦਿਆਂ ਜ਼ਿਲ੍ਹੇ ਪਟਿਆਲਾ ਦੀ ਪੁਲਸ ਨੇ ਤਕਰੀਬਨ ਅੱਠ ਕਰੋੜ ਰੁਪਏ ਦੀ ਅਚੱਲ ਜਾਇਦਾਦ ਅਟੈਚ ਕਰ ਦਿੱਤੀ ਹੈ।ਇਸ ਸਾਲ 21 ਜਨਵਰੀ ਤੋਂ ਅੱਜ ਤੱਕ 16 ਭਗੌੜੇ ਅਪਰਾਧੀਆਂ ਦੀ ਸੱਤ ਕਰੋੜ 99 ਲੱਖ 34 ਹਜ਼ਾਰ ਰੁਪਏ ਦੀ ਜਾਇਦਾਦਅਟੈਚ ਕੀਤੀ ਗਈ ਹੈ।

ਖਾੜਕੂਵਾਦ ਅਤੇ ਭੰਨਤੋੜੂ ਕਾਰਵਾਈਆਂ ਦੇ ਕੇਸ 'ਚ ਅਚੱਲ ਜਾਇਦਾਦ ਦੀ ਕੁਰਕੀ ਕਰਨ ਬਾਰੇ ਐਸ ਐਸ ਪੀ ਪਟਿਆਲਾ ਵਿਕਰਮ ਜੀਤ ਦੁੱਗਲ ਨੇ ਦੱਸਿਆ ਕਿ ਲਗਭਗ 33 ਸਾਲ ਪਹਿਲਾਂ ਥਾਣਾ ਘਨੌਰ ਵਿਖੇ ਬਲਦੇਵ ਸਿੰਘ ਪੁੱਤਰ ਮੁਖਤਿਆਰ ਸਿੰਘ ਵਾਸੀ ਡੰਡੋਆ, ਜ਼ਿਲ੍ਹਾ ਪਟਿਆਲਾ ਦੇ ਖਿਲਾਫ ਖਾੜਕੂਵਾਦ ਅਤੇ ਭੰਨਤੋੜ ਗਤੀਵਿਧੀਆਂ (ਰੋਕਥਾਮ) ਐਕਟ ਹੇਠ 2 ਜਨਵਰੀ 1988 ਨੂੰ ਕੇਸ ਦਰਜ ਕੀਤਾ ਗਿਆ ਸੀ। ਘਨੌਰ



ਪੁਲਸ ਵੱਲੋਂ ਉਸ ਨੂੰ ਭਗੌੜਾ ਕਰਾਰ ਦੇਣ ਦੇ ਯਤਨਾਂ ਉੱਤੇਐਡੀਸ਼ਨਲ ਜ਼ਿਲ੍ਹਾ ਅਤੇ ਸੈਸ਼ਨ ਜੱਜ ਪ੍ਰੀਆ ਸੂਦ ਦੀ ਅਦਾਲਤ ਨੇ ਉਸ ਦੀ ਪਿੰਡ ਡੰਡੋਆ ਵਿਚ 56 ਕਨਾਲ ਇੱਕ ਮਰਲਾ (ਲਗਭਗ ਸੱਤ ਏਕੜ) ਅਚੱਲ ਜਾਇਦਾਦ, ਜਿਸ ਦੀ ਕੀਮਤ ਲਗਭਗ 2.15 ਕਰੋੜ ਰੁਪਏ ਹੈ, ਕੁਰਕ ਕਰ ਲੈਣ ਦੇ ਹੁਕਮ ਦਿੱਤੇ ਹਨ। ਐਸ ਐਸ ਪੀ ਦੁੱਗਲ ਨੇ ਕਿਹਾ ਕਿ ਵੱਖ-ਵੱਖ ਸ਼੍ਰੇਣੀਆਂ ਦੇ ਭਗੌੜੇ ਦੋਸ਼ੀਆਂ ਦਾ ਪਤਾ ਲਾਉਣ ਦੀ ਕੋਸ਼ਿਸ਼ ਹੋ ਰਹੀ ਹੈ ਅਤੇ ਜੇ ਉਹ ਸਰੈਂਡਰ ਨਹੀਂ ਕਰਦੇ ਤਾਂ ਉਨ੍ਹਾਂ ਦੀ ਜਾਇਦਾਦ ਕੁਰਕ ਕੀਤੀ ਜਾ ਸਕਦੀ ਹੈ।

# ਹੁਸੈਨੀਵਾਲਾ ਬਾਰਡਰ ਵਿਖੇ 165 ਫੁੱਟ ਉੱਚਾ ਤਿਰੰਗਾ ਲਹਿਰਾਇਆ

ਫਿਰੋਜ਼ਪੁਰ, 14 ਫਰਵਰੀ (ਪੋਸਟ ਬਿਊਰੋ)- ਭਾਰਤ-ਪਾਕਿਸਤਾਨ ਵਿਚਾਲੇ ਹੁਸੈਨੀਵਾਲਾ ਬਾਰਡਰ ਵਾਲੇ ਗੇਟ ਨੇੜੇ ਕੱਲ੍ਹ 165 ਫੁੱਟ ਉੱਚਾ ਭਾਰਤ ਦਾ ਕੌਮੀ ਝੰਡਾ ਲਹਿਰਾਇਆ ਗਿਆ ਹੈ।

ਇਸ ਸੰਬੰਧ ਵਿਚ ਫਿਰੋਜ਼ਪੁਰ ਦੇ ਵਿਧਾਇਕ ਪਰਮਿੰਦਰ ਸਿੰਘ ਪਿੰਕੀ ਨੇ ਕੱਲ੍ਹ ਹੁਸੈਨੀਵਾਲਾ ਬਾਰਡਰ ਵਿਖੇ ਝੰਡਾ ਝੁਲਾਉਣ ਦੇ ਬਾਅਦ ਕਿਹਾ ਕਿ 'ਮੈਂ ਜਦੋਂ ਵੀ ਏਥੇ ਸ਼ਹੀਦ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦੀ ਸਮਾਧਾਂ ਉਤੇ ਮੱਥਾ ਟੇਕਣ ਆਉਂਦਾ ਸੀ ਤਾਂ ਹਮੇਸ਼ਾ ਇਹ ਪ੍ਰੇਰਨਾ ਮਿਲਦੀ ਸੀ ਕਿ ਸਾਡੇ ਦੇਸ਼ ਦਾ ਕੌਮੀ ਝੰਡਾ ਉਚਾ ਹੋਣਾ ਚਾਹੀਦਾ ਹੈ।' ਉਨ੍ਹਾਂ ਕਿਹਾ ਕਿ ਫਿਰੋਜ਼ਪੁਰ ਸ਼ਹੀਦਾਂ ਦੀ ਧਰਤੀ ਹੈ ਤੇ ਇੱਥੇ ਦੇਸ਼ ਲਈ ਕਈ ਦੇਸ਼ਭਗਤਾਂ ਨੇ ਕੁਰਬਾਨੀਆਂ ਦਿੱਤੀਆਂ ਹਨ ਅਤੇ 165 ਫੁੱਟਾ ਰਾਸ਼ਟਰੀ ਝੰਡਾ ਸਾਨੂੰ ਅਤੇ ਸਾਡੀ ਨਵੀਂ ਪੀੜ੍ਹੀ ਨੂੰ ਉਨ੍ਹਾਂ ਦੀਆਂ ਕੁਰਬਾਨੀਆਂ ਨੂੰ ਯਾਦ ਕਰਵਾਏਗਾ ਅਤੇ ਨਵੀਂ ਪੀੜ੍ਹੀ ਲਈ ਪ੍ਰੇਰਨਾ ਸਰੋਤ ਵੀ ਹੋਵੇਗਾ। ਵਿਧਾਇਕ ਪਿੰਕੀ ਨੇ ਕਿਹਾ ਕਿ ਇਹ ਝੰਡਾ ਦੇਸ਼ ਦੀ ਅਖੰਡਤਾ, ਏਕਤਾ ਤੇ ਸ਼ਾਂਤੀ ਦਾ ਪ੍ਰਤੀਕ ਹੈ ਤੇ ਇਹ ਸਾਡੇ ਵਿੱਚ ਏਕਤਾ ਤੇ ਅਖੰਡਤਾ ਦੀ ਭਾਵਨਾ ਵਿੱਚ ਮਜ਼ਬੂਤੀ ਪੈਦਾ ਕਰੇਗਾ। ਉਨ੍ਹਾਂ ਕਿਹਾ ਕਿ ਜਦੋਂ ਲੋਕ ਹੁਸੈਨੀਵਾਲਾ ਬਾਰਡਰ ਵੇਖਣ ਆਉਣ ਤਾਂ ਇਹ 165 ਫੁੱਟ ਉਚਾ ਰਾਸ਼ਟਰੀ ਝੰਡਾ ਵੇਖ ਕੇ ਦੇਸ਼ ਪ੍ਰਤੀ ਵੱਖਰੀ ਭਾਵਨਾ ਪੈਦਾ ਹੋਵੇਗੀ। ਉਨ੍ਹਾਂ ਕਿਹਾ ਕਿ ਪਾਕਿਸਤਾਨ ਵੱਲ ਉਨ੍ਹਾਂ ਦਾ ਝੰਡਾ 145 ਫੁੱਟ ਦਾ ਹੈ ਅਤੇ ਏਧਰ ਇਹ 165 ਫੁੱਟ ਦਾ ਝੰਡਾ ਲਹਿਰਾਇਆ ਗਿਆ ਹੈਉਨ੍ਹਾਂ ਦੇਸ਼ ਦੀ ਸ਼ਾਂਤੀ ਦੀ ਗੱਲ ਕਰਦਿਆਂ ਕਿਹਾ ਕਿ ਪਾਕਿਸਤਾਨ ਨੂੰ ਆਪਣੀਆਂ ਗਲਤ



ਨੀਤੀਆਂ ਛੱਡ ਕੇ ਭਾਈਚਾਰਕ ਸਾਂਝ ਵਧਾਉਣੀ ਚਾਹੀਦੀ ਹੈ ਅਤੇ ਜਿਸ ਤਰ੍ਹਾਂ ਪਾਕਿਸਤਾਨ ਨਾਲ ਪਹਿਲਾਂ ਵਪਾਰ ਚੱਲਦਾ ਸੀ, ਉਸੇ ਤਰ੍ਹਾਂ ਇੱਕ ਵਾਰ ਫਿਰ ਇਹ ਵਪਾਰ ਚੱਲਣਾ ਚਾਹੀਦਾ ਅਤੇ ਭਾਈਚਾਰਕ ਸਾਂਝ ਵਧਣੀ ਚਾਹੀਦੀ ਹੈ।

# ਬੈਂਕ ਵਿੱਚ ਜਮ੍ਹਾਂ ਪੂੰਜੀ ਨਾ ਮਿਲਣ ਕਾਰਨ ਕਸਟਮਰ ਦੀ ਮੌਤ

ਅਲਗੋਂ ਕੋਠੀ, 14 ਫਰਵਰੀ (ਪੋਸਟ ਬਿਊਰੋ)- ਹਲਕਾ ਖੇਮਕਰਨ ਹੇਠਲੇ ਕਸਬਾ ਅਲਗੋਂ ਕੋਠੀ ਵਿੱਚ ਬੈਂਕ ਦੇ ਨਿਯਮਾਂ ਕਾਰਨ ਕਿਸਾਨ ਦੀ ਮੌਤ ਹੋਣ ਦਾ ਮਾਮਲਾ ਸਾਹਮਣੇ ਆਇਆ ਹੈ।



ਇਸ ਬਾਰੇ ਮ੍ਰਿਤਕ ਕਿਸਾਨ ਟਹਿਲ ਸਿੰਘ ਦੇ ਪੁੱਤਰ ਸੁਖਦੇਵ ਸਿੰਘ ਨੇ ਦੱਸਿਆ ਕਿ ਉਸ ਦੇ ਪਿਤਾ ਦਾ ਪੀ ਐਨ ਬੀ ਬੈਂਕ ਅਲਗੋਂ ਕੋਠੀ ਵਿੱਚ ਖਾਤਾ ਹੈ। ਬੀਤੇ ਦਿਨੀਂ ਉਸ ਦੇ ਪਿਤਾ ਨੂੰ ਬ੍ਰੇਨ ਅਟੈਕ ਹੋ ਗਿਆ ਤਾਂ ਅੰਮ੍ਰਿਤਸਰ ਹਸਪਤਾਲ ਵਿੱਚ ਦਾਖਲ ਕਰਵਾਇਆ ਸੀ। ਉਨ੍ਹਾਂ ਨੇ ਰਿਸ਼ਤੇਦਾਰਾਂ ਤੇ ਆੜ੍ਹਤੀਏ ਤੋਂ ਪੈਸੇ ਫੜ ਕੇ ਇਲਾਜ ਕਰਾਇਆ, ਪਰ ਇਲਾਜ ਮਹਿੰਗਾ ਹੋਣ ਕਾਰਨ ਉਨ੍ਹਾਂ ਨੂੰ ਹੋਰ ਪੈਸਿਆਂ ਦੀ ਲੋੜ ਸੀ। ਉਸ ਦੇ ਪਿਤਾ ਟਹਿਲ ਸਿੰਘ ਦੇ ਖਾਤੇ ਵਿੱਚ ਪੈਸੇ ਸਨ, ਜਿਸ ਨੂੰ ਕਢਵਾਉਣ ਲਈ ਉਹ ਲਗਾਤਾਰ ਪੀ ਐਨ ਬੀ ਬੈਂਕ ਅਲਗੋਂ ਕੋਠੀ ਵਿਚ ਗੇੜੇ ਮਾਰਦੇ ਰਹੇ, ਪਰ ਬੈਂਕ ਦੇ ਮੈਨੇਜਰ ਨੇ ਉਸ ਨੂੰ ਖੱਜਲ ਕੀਤਾ ਤੇ ਕਿਹਾ ਕਿ ਜਦੋਂ ਤੱਕ ਟਹਿਲ ਸਿੰਘ ਖੁਦ ਨਹੀਂ ਆਉਂਦੇ, ਓਦੋਂ ਤੱਕ ਉਹ ਪੈਸੇ ਨਹੀਂ ਦੇਣਗੇ। ਪਿਤਾ ਦੀ ਹਾਲਤ ਗੰਭੀਰ ਹੋਣ ਕਾਰਨ ਪਿੰਡ ਦੇ ਮੋਹਤਬਰਾਂਅਤੇ ਪਰਵਾਰ ਨੇ ਬੈਂਕ ਮੈਨੇਜਰ ਨੂੰ ਐਫੀਡੇਵਿਟ ਦਿੱਤੇ ਤੇ ਪਿੰਡ ਦੇ ਹਰ ਵਿਅਕਤੀ ਦੀ ਗਵਾਹੀ ਪਾ ਕੇ ਪੈਸੇ ਦੇਣ ਦੀ ਅਪੀਲ ਕੀਤੀ, ਪਰ ਬੈਂਕ ਮਾਨੇਜਰ ਨੇ ਪੈਸੇ ਨਹੀਂ ਦਿੱਤੇ ਅਤੇ ਇਲਾਜ ਖੁਣੋਂ ਟਹਿਲ ਸਿੰਘ ਦੀ ਮੌਤ ਹੋ ਗਈ। ਦੁਖੀ ਪਰਵਾਰ ਨੇ ਬੈਂਕ ਮੈਨੇਜਰ ਦਿਨੇਸ਼ 'ਤੇ ਕਾਰਵਾਈ ਕਰਨ ਦੀ ਮੰਗ ਕੀਤੀ ਹੈ।

ਪੀ ਐਨ ਬੀ ਬੈਂਕ ਅਲਗੋਂ ਕੋਠੀ ਦੇ ਮੈਨੇਜਰ ਦਿਨੇਸ਼ ਸ਼ਰਮਾ ਨੇ ਕਿਹਾ ਕਿ ਬੈਂਕ ਨੇ ਇੱਕ ਮੁਲਾਜ਼ਮ ਇਨ੍ਹਾਂ ਦੇ ਨਾਲ ਭੇਜਿਆ ਸੀ, ਪਰ ਟਹਿਲ ਸਿੰਘ ਨੂੰ ਹੋਸ਼ ਨਾ ਹੋਣ ਕਾਰਨ ਬੈਂਕ ਦਾ ਅਧਿਕਾਰੀ ਵਾਪਸ ਮੁੜ ਆਇਆ, ਜਿਸ ਕਾਰਨ ਇਹ ਮੁਸ਼ਕਲ ਆਈ ਸੀ, ਉਸ ਪਰਵਾਰ ਦੇ ਪੈਸੇ ਬੈਂਕ ਵਿੱਚ ਅੱਜ ਵੀ ਸੁਰੱਖਿਅਤ ਹਨ।

TRUCK FOR SALE

2017 Cascadia freightliner (Manual Truck)




891241 km, DD 15 motor, New tune up, Def filter already changed, Front tire is brand new, rear tire is 70%, Bunk heater working, Fridge is working

Contact: 647 960 7989

# ਨਸ਼ੇੜੀ ਵੱਲੋਂ ਮੱਥੇ ਵਿੱਚ ਹਥੌੜੇ ਮਾਰ ਕੇ 12 ਸਾਲਾ ਬੱਚੀ ਦਾ ਕਤਲ

ਗੁਰਾਇਆ, 14 ਫਰਵਰੀ (ਪੋਸਟ ਬਿਊਰੋ)- ਇਸ ਇਲਾਕੇ ਵਿੱਚ ਇੱਕ ਨਸ਼ੇੜੀ ਨੌਜਵਾਨ ਨੇ 12 ਸਾਲਾ ਬੱਚੀ ਨੂੰ ਮਾਰ ਦਿੱਤਾ ਹੈ, ਜਿਸ ਬਾਰੇ ਸਥਾਨਕ ਪੁਲਸ ਜਾਂਚ ਕਰ ਰਹੀ ਹੈ।

ਮ੍ਰਿਤਕਾ ਦੇ ਪਰਵਾਰ ਨੇ ਦੱਸਿਆ ਕਿ ਉਨ੍ਹਾਂ ਦੀ 12 ਸਾਲਾ ਬੱਚੀ, ਜਿਹੜੀ ਸੱਤਵੀਂ ਜਮਾਤ ਵਿਚ ਪੜ੍ਹਦੀ ਸੀ, ਕੱਲ੍ਹ ਆਪਣੇ ਘਰ ਦੇ ਬਾਹਰ ਛੋਟੇ ਭਰਾ ਤੇ ਸਹੇਲੀਆਂ ਨਾਲ ਖੇਡ ਰਹੀ ਸੀ,ਪਰ ਸ਼ਾਮੀਂ ਚਾਰ ਵਜੇ ਤੋਂ ਬਾਅਦ ਕਿਤੇ ਲਾਪਤਾ ਹੋ ਗਈ। ਇਸ ਤੋਂ ਬਾਅਦ ਜਦੋਂ ਉਸ ਦਾ ਛੋਟਾ ਭਰਾ ਘਰ ਆ ਗਿਆ ਅਤੇ ਉਹ ਨਾ ਆਈ ਤਾਂ ਪਰਵਾਰ ਨੇ ਉਸ ਦੀ ਕਾਫੀ ਭਾਲ ਕੀਤੀ, ਪਰ ਉਹ ਕਿਤੇ ਨਾ ਮਿਲੀ।ਬੱਚੀ ਦੇ ਲਾਪਤਾ ਹੋਣ 'ਤੇ ਪਿੰਡ ਵਾਸੀਆਂ ਤੇ ਪੁਲਸ ਨੇ ਤੇਜ਼ੀ ਨਾਲ ਉਸ ਦੀ ਭਾਲ ਸ਼ੁਰੂ ਕਰ ਦਿੱਤੀ ਅਤੇ ਪਿੰਡ ਵਿੱਚ ਲੱਗੇ ਸਾਰੇ ਸੀ ਸੀ ਟੀ ਵੀ ਕੈਮਰਿਆਂ ਨੂੰ ਚੈਕ ਕੀਤਾ ਤੇ ਅਨਾਊਂਸਮੈਂਟ ਕਰਵਾਈ ਗਈ ਅਤੇ ਸੋਸ਼ਲ ਮੀਡੀਆ 'ਤੇ ਵੀ ਬੱਚੀ ਦਾ ਫੋਟੋ ਵਾਇਰਲ ਕੀਤਾ ਗਿਆ, ਪਰ ਕਈ ਘੰਟੇ ਉਸ ਦਾ ਪਤਾ ਨਾ ਲੱਗਾ। ਇਸ ਤੋਂ ਬਾਅਦ ਪੁਲਸ ਦੀ ਜਾਂਚ ਵਿੱਚ ਪਤਾ ਲੱਗਾ ਕਿ ਸੀ ਸੀ ਟੀ ਵੀ ਫੁਟੇਜ ਵਿੱਚ ਬੱਚੀ ਆਪਣੇ ਘਰ ਦੀ ਗਲੀ ਵਿੱਚੋਂ




ਨਿਕਲਦੀ ਦਿਖਾਈ ਨਹੀਂ ਦੇ ਰਹੀ। ਫਿਰ ਪੁਲਸ ਨੇ ਮੁਹੱਲੇ ਦੇ ਘਰਾਂ ਦੀ ਤਲਾਸ਼ੀ ਲੈਣੀ ਸ਼ੁਰੂ ਕਰ ਦਿੱਤੀ। ਜਦੋਂ ਗੁਆਂਢੀ ਦੇ ਘਰ ਦਾ ਤਾਲਾ ਖੁੱਲ੍ਹਵਾਇਆ ਤਾਂ ਅੰਦਰ ਬੱਚੀ ਖੂਨ ਵਿੱਚ ਲਥਪਥ ਹਾਲਤ ਵਿੱਚ ਪਈ ਸੀ, ਜਿਸ ਦੇ ਮੱਥੇ ਉਤੇ ਲੋਹੇ ਦੇ ਹਥੌੜੇ ਨਾਲ ਕਈ ਵਾਰ ਕੀਤੇ ਹੋਏ ਸਨ ਅਤੇ ਮੂੰਹ 'ਤੇ ਮੁਲਜ਼ਮ ਨੇ ਰੇਤ ਦੇ ਬੋਰੇ ਰੱਖੇ ਹੋਏ ਸਨ ਅਤੇ ਨੇੜੇ ਹਥੌੜਾ ਪਿਆ ਸੀ। ਬੱਚੀ ਦੇ ਸਾਹ ਚੱਲ ਰਹੇ ਹੋਣ ਕਰ ਕੇ ਉਸ ਦੇ ਪਰਵਾਰਕ ਮੈਂਬਰ ਫਗਵਾੜਾ ਦੇ ਸਿਵਲ ਹਸਪਤਾਲ ਲੈ ਕੇ ਗਏ, ਪਰ ਉਥੇ ਪਹੁੰਚਦੇ ਸਾਰ ਉਸ ਨੇ ਦਮ ਤੋੜ ਦਿੱਤਾ। ਉਸ ਦੀ ਮੌਤ ਦੀ ਸੂਚਨਾ ਉੱਤੇ ਭੜਕੇ ਪਿੰਡ ਵਾਸੀਆ ਨੇ ਦੋਸ਼ੀ ਦੀ ਕੁੱਟਮਾਰ ਕੀਤੀ, ਪਰ ਪੁਲਸ ਉਸ ਨੂੰ ਕਿਸੇ ਤਰ੍ਹਾਂ ਉਥੋਂ ਕੱਢ ਕੇ ਲੈ ਗਈ। ਸਿਵਲ ਹਸਪਤਾਲ ਫਗਵਾੜਾ ਪਹੁੰਚੇ ਥਾਣਾ ਇੰਚਾਰਜ ਗੁਰਾਇਆ ਹਰਦੀਪ ਸਿੰਘ ਨੇ ਕਿਹਾ ਕਿ ਉਨ੍ਹਾਂ ਨੂੰ ਬੱਚੀ ਦੇ ਲਾਪਤਾ ਹੋਣ ਦੀ ਸੂਚਨਾ ਸ਼ਾਮੀਂ ਮਿਲੀ ਸੀ। ਉਹ ਖੁਦ ਚੋਣ ਡਿਊਟੀ ਲੱਗੀ ਹੋਣ ਕਾਰਨ ਫਿਲੌਰ ਵਿੱਚ ਸਨ, ਪਰ ਪੁਲਸ ਕੰਮ ਕਰਦੀ ਰਹੀ ਸੀ।

ਪਿੰਡ ਵਾਸੀਆਂ ਨੇ ਦੱਸਿਆ ਕਿ 28 ਸਾਲਾ ਦੋਸ਼ੀ ਨੌਜਵਾਨ ਨਸ਼ੇੜੀ ਦੇ ਮਾਤਾ-ਪਿਤਾ ਦੀ ਮੌਤ ਹੋ ਚੁੱਕੀ ਹੈ। ਉਕਤ ਨੌਜਵਾਨ ਦੀ ਇੱਕ ਭੈਣ ਹੈ, ਪਰ ਉਹ ਘਰ ਵਿੱਚ ਇਕੱਲਾ ਰਹਿੰਦਾ ਸੀ। ਦੱਸਿਆ ਜਾ ਰਿਹਾ ਹੈ ਕਿ ਉਹ ਲੇਬਰ ਦਾ ਕੰਮ ਕਰਦਾ ਹੈ। ਦੋਸ਼ੀ ਖੁਦ ਬੱਚੀ ਦੇ ਪਰਵਾਰਕ ਮੈਂਬਰਾਂ ਅਤੇ ਪਿੰਡ ਵਾਸੀਆਂ ਨਾਲ ਉਸ ਨੂੰ ਲੱਭਣ ਵਿੱਚ ਲੱਗਾ ਹੋਇਆ ਸੀ, ਜਦ ਕਿ ਬੱਚੀ ਪੁਲਸ ਨੇ ਉਸ ਦੇ ਘਰ ਵਿੱਚੋਂ ਹੀ ਬਰਾਮਦ ਕੀਤੀ ਗਈ ਹੈ।

# ਬੱਸ ਵੱਲੋਂ ਟੱਕਰ ਨਾਲ ਸੜਕ ਪਾਰ ਕਰਦੇ ਸਕੂਟਰੀ ਸਵਾਰ ਦੀ ਮੌਤ

ਲੁਧਿਆਣਾ, 14 ਫਰਵਰੀ (ਪੋਸਟ ਬਿਊਰੋ)- ਕੱਲ੍ਹ ਇਸ ਸ਼ਹਿਰ ਵਿੱਚ ਇੱਕ ਸਕੂਟਰੀ ਸਵਾਰ ਨੌਜਵਾਨ ਦੀ ਇੱਕ ਬੱਸ ਦੀ ਟੱਕਰ ਵੱਜਣ ਦੇ ਨਾਲ ਸੜਕ ਹਾਦਸੇ ਦੌਰਾਨ ਮੌਤ ਹੋ ਗਈ। ਮਿਲੀ ਜਾਣਕਾਰੀ ਅਨੁਸਾਰ ਨੌਜਵਾਨ ਵਿਅਕਤੀ ਆਪਣੀ ਸਕੂਟਰੀ 'ਤੇ ਜਾ ਰਿਹਾ ਸੀ।ਜਦੋਂ ਉਸ ਨੇ ਰੋਡ ਕਰਾਸ ਕਰਨ ਦੀ ਕੋਸ਼ਿਸ਼ ਕੀਤੀ ਤਾਂ ਪੈਪਸੂ ਕਾਰਪੋਰੇਸ਼ਨ ਦੀ ਬੱਸ ਦੀ ਲਪੇਟ ਵਿੱਚ ਆ ਗਿਆ। ਲੋਕਾਂ ਨੇ ਉਸ ਨੂੰ ਹਸਪਤਾਲ ਵਿੱਚ ਭਰਤੀ ਕਰਵਾਇਆ ਗਿਆ, ਪਰ ਉਹ ਦਮ ਤੋੜ ਗਿਆ।ਪੁਲਸ ਮੁਤਾਬਕ 17 ਸਾਲਾ ਨੌਜਵਾਨ ਰੀਤਿਕ ਖਵਾਜਾ ਕੋਠੀ ਦੇ ਨਜ਼ਦੀਕ ਰਹਿਣ ਵਾਲਾ ਸੀ ਅਤੇ ਪੜ੍ਹਾਈ ਕਰ ਰਿਹਾ ਸੀ। ਉਹ ਕਿਸੇ ਕੰਮ ਲਈ ਚੰਡੀਗੜ੍ਹ ਰੋਡ ਉੱਤੇ ਜਾ ਰਿਹਾ ਸੀ ਅਤੇ ਵਰਧਮਾਨ ਮਿਲ ਦੇ ਸਾਹਮਣੇ ਪੀ ਆਰ ਟੀ ਸੀ ਦੀ ਬੱਸ ਨੇ ਉਸ ਨੂੰ ਟੱਕਰ ਮਾਰ ਦਿੱਤੀ। ਇਸ ਨਾਲ ਉਹ ਗੰਭੀਰ ਜ਼ਖਮੀ ਹੋ ਗਿਆ ਅਤੇ ਨਿੱਜੀ ਹਸਪਤਾਲ ਵਿੱਚ ਭਰਤੀ ਕਰਵਾਇਆ ਗਿਆ, ਜਿੱਥੇ ਉਸ ਦੀ ਮੌਤ ਹੋ ਗਈ। ਪੀੜਤ ਪਰਵਾਰ ਦੇ ਬਿਆਨਾਂ ਦੇ ਆਧਾਰ 'ਤੇ ਬੱਸ ਡਰਾਈਵਰ ਦੇ ਵਿਰੁੱਧ ਮਾਮਲਾ ਦਰਜ ਕਰ ਲਿਆ ਗਿਆ ਹੈ।

# ਪਤਨੀ ਤੇ ਉਸ ਦੇ ਪ੍ਰੇਮੀ ਤੋਂ ਤੰਗ ਆਏ ਟੀਚਰ ਵੱਲੋਂ ਖੁਦਕੁਸ਼ੀ

ਮੋਗਾ, 14 ਫਰਵਰੀ (ਪੋਸਟ ਬਿਊਰੋ)- ਕਸਬਾ ਨਿਹਾਲ ਸਿੰਘ ਵਾਲਾ ਦੇ ਨੇੜਲੇ ਪਿੰਡ ਲੁਹਾਰਾ ਦੇ ਜਵਾਹਰ ਨਵੋਦਿਆ ਵਿਦਿਆਲਿਆ ਦੇ ਆਰਟ ਟੀਚਰ ਨੇ ਆਪਣੀ ਪਤਨੀ ਅਤੇ ਉਸ ਦੇ ਪ੍ਰੇਮੀ ਤੋਂ ਤੰਗ ਹੋ ਕੇ ਵਿਦਿਆਲਿਆ ਦੇ ਕੁਆਰਟਰ ਵਿੱਚ ਵੀ ਛੱਤ ਵਾਲੇ ਪੱਖੇ ਨਾਲ ਫਾਹਾ ਲੈ ਕੇ ਖੁਦਕੁਸ਼ੀ ਕਰ ਲਈ। ਪੁਲਸ ਨੂੰ ਮ੍ਰਿਤਕ ਕੋਲੋਂ ਹਿੰਦੀ ਭਾਸ਼ਾ ਵਿੱਚ ਲਿਖਿਆ ਇੱਕ ਖੁਦਕੁਸ਼ੀ ਨੋਟ ਵੀ ਮਿਲਿਆ ਹੈ, ਜਿਸ ਦੇ ਆਧਾਰ ਉੱਤੇ ਜਾਂਚ ਕੀਤੀ ਜਾ ਰਹੀ ਹੈ।

ਥਾਣਾ ਨਿਹਾਲ ਸਿੰਘ ਵਾਲਾ ਦੇ ਏ ਐਸ ਆਈ ਬਲਵੀਰ ਸਿੰਘ ਨੇ ਦੱਸਿਆ ਕਿ ਰਾਜਿੰਦਰ ਸਿੰਘ ਨੇ ਪੁਲਸ ਨੂੰ ਦਿੱਤੇ ਬਿਆਨ ਵਿੱਚ ਕਿਹਾ ਕਿ ਉਸ ਦਾ ਭਰਾ ਭੁਪਿੰਦਰ ਸਿੰਘ, ਜਵਾਹਰ ਨਵੋਦਿਆ ਵਿਦਿਆਲਿਆ ਪਿੰਡ ਲੁਹਾਰਾ ਵਿਖੇ ਆਰਟ ਟੀਚਰ ਸੀ। ਉਸ ਨੇ ਕਿਹਾ ਕਿ ਉਸ ਦੇ ਭਰਾ ਦੀ ਪਤਨੀ ਨਰਿੰਦਰ ਕੌਰ ਦੀ ਸਾਲ 2018 ਵਿੱਚ ਮੌਤ ਹੋ ਗਈ ਸੀ, ਜਿਸ ਤੋਂ ਬਾਅਦ ਭੁਪਿੰਦਰ ਸਿੰਘ ਦਾ ਵਿਆਹ ਪਰਮਿੰਦਰ ਕੌਰ ਵਾਸੀ ਪਾਤੜਾਂ ਜ਼ਿਲ੍ਹਾ ਪਟਿਆਲਾ ਨਾਲ ਹੋ ਗਿਆ, ਜੋ ਕੁਝ ਦਿਨ ਉਸ ਦੇ ਭਰਾ



ਕੋਲ ਰਹਿਣ ਪਿੱਛੋਂ ਝਗੜਾ ਕਰ ਕੇ ਪੇਕੇ ਰਹਿਣ ਲੱਗ ਪਈ। ਪਰਮਿੰਦਰ ਕੌਰ ਹੋਰ ਆਦਮੀਆਂ ਨਾਲ ਉਸ ਦੇ ਭਰਾ ਕੋਲ ਆਉਂਦੀ ਅਤੇ ਉਸ ਨੂੰ ਧਮਕਾ ਕੇ ਪੈਸੇ ਲੈ ਜਾਂਦੀ ਸੀ। ਕੁਝ ਦਿਨ ਪਹਿਲਾਂ ਉਸ ਦੇ ਭਰਾ ਭੁਪਿੰਦਰ ਸਿੰਘ ਨੇ ਉਸ ਨੂੰ ਦੱਸਿਆ ਕਿ ਪਰਮਿੰਦਰ ਕੌਰ ਦੇ ਸਿਕੰਦਰ ਕੁਮਾਰ ਨਾਲ ਸੰਬੰਧ ਹਨ ਅਤੇ ਪਰਵਿੰਦਰ ਕੌਰ, ਸਿਕੰਦਰ ਕੁਮਾਰ, ਹਰਨੀਤ ਸਿੰਘ ਮਿਲ ਕੇ ਉਸ ਨੂੰ ਤੰਗ ਕਰਦੇ ਅਤੇ ਉਸ ਦੀ ਕੁੱਟਮਾਰ ਕਰ ਕੇ ਪੈਸੇ ਲੈ ਜਾਂਦੇ ਹਨ। 11 ਫਰਵਰੀ ਦੀ ਸ਼ਾਮ ਨੂੰ ਉਸ ਦੇ ਭਰਾ ਭੁਪਿੰਦਰ ਸਿੰਘ ਨੇ ਜਵਾਹਰ ਨਵੋਦਿਆ ਵਿਦਿਆਲਿਆ ਪਿੰਡ ਲੁਹਾਰਾ ਵਿਖੇ ਆਪਣੇ ਕੁਆਰਟਰ ਵਿੱਚ ਛੱਤ ਵਾਲੇ ਪੱਖੇ ਨਾਲ ਫਾਹਾ ਲੈ ਕੇ ਖੁਦਕੁਸ਼ੀ ਕਰ ਲਈ, ਜਿਥੋਂ ਉਸ ਦਾ ਖੁਦਕੁਸ਼ੀ ਨੋਟ ਵੀ ਬਰਾਮਦ ਹੋਇਆ ਹੈ।

# ਪੰਜਾਬ ਯੂਨੀਵਰਸਿਟੀ ਦੇ ਖੋਜੀਆਂ ਨੇ ਫੁਟ-ਪ੍ਰਿੰਟ ਤੋਂ ਭਾਰ ਦਾ ਪਤਾ ਲਾ ਸਕਣ ਵਾਲੀ ਖੋਜ ਕੀਤੀ

ਚੰਡੀਗੜ੍ਹ, 14 ਫਰਵਰੀ (ਪੋਸਟ ਬਿਊਰੋ)- ਭਾਰਤ ਦੀਆਂ ਜਾਂਚ ਏਜੰਸੀਆਂ ਲਈ ਮੁਲਜ਼ਮਾਂ ਨੂੰ ਫੜਨਾ ਹੋਰ ਆਸਾਨ ਹੋ ਜਾਵੇਗਾ। ਘਟਨਾ ਸਥਾਨ ਉੱਤੇ ਮੁਲਜ਼ਮ ਦੇ ਫੁੱਟ-ਪ੍ਰਿੰਟ ਤੋਂ ਪਤਾ ਲੱਗ ਸਕੇਗਾ ਕਿ ਦੋਸ਼ੀ ਦਾ ਭਾਰ ਕਿੰਨਾ ਹੈ।

ਪੰਜਾਬ ਯੂਨੀਵਰਸਿਟੀ ਦੇ ਦੋ ਖੋਜੀਆਂ ਨੇ ਇਹ ਕੰਮ ਕਰ ਵਿਖਾਇਆ ਹੈ। ਕੁੱਲ 461 ਜਣਿਆਂ ਉਤੇ ਤਿੰਨ ਸਾਲਾਂ ਤੱਕ ਕੀਤੇ ਗਏ ਇਸ ਖਾਸ ਅਧਿਐਨ ਨੂੰ ਸੰਸਾਰ ਦੀ ਵਕਾਰ ਵਾਲੀ ਅਮਰੀਕਨ ਅਕੈਡਮੀ ਆਫ ਫੋਰੈਂਸਿਕ ਸਾਇੰਸਿਜ਼ ਨੇ ਕੌਮਾਂਤਰੀ ਕਾਨਫਰੰਸ ਲਈ ਚੁਣਿਆ ਹੈ। ਪੀ ਯੂ ਦੇ ਐਂਥ੍ਰੋਪੋਲੋਜੀ (ਮਨੁੱਖੀ ਵਿਗਿਆਨ) ਵਿਭਾਗ ਦੀ ਖੋਜੀ ਡਾਕਟਰ ਰਿਚਾ ਮੁਖੜਾ ਅਤੇ ਉਨ੍ਹਾਂ ਦੇ ਗਾਈਡ ਡਾਕਟਰ ਕੇਵਲ ਕ੍ਰਿਸ਼ਨ ਨੇ ਤਿੰਨ ਸਾਲਾਂ ਦੀ ਸਖਤ ਮਿਹਨਤ ਸਦਕਾ ਫੁੱਟਪ੍ਰਿੰਟਸ ਬਾਰੇ ਖੋਜ ਕੀਤੀ ਹੈ। ਡਾਕਟਰ ਕੇਵਲ ਨੇ ਦੱਸਿਆ ਕਿ ਸਿਰਫ ਫੁੱਟਪ੍ਰਿੰਟ ਨਾਲ ਅਪਰਾਧੀ ਤੱਕ ਪੁੱਜ ਸਕਣਾ ਆਸਾਨ ਨਹੀਂ ਸੀ, ਪਰ ਇਸ ਖੋਜ ਨਾਲ ਉਸ ਦੇ ਸਰੀਰ ਦੇ ਭਾਰ ਬਾਰੇ ਅੰਦਾਜ਼ਾ ਲੱਗਣ ਨਾਲ ਏਜੰਸੀ ਨੂੰ ਉਸ ਨੂੰ ਲੱਭਣ ਵਿੱਚ ਆਸਾਨੀ ਹੋਇਆ ਕਰੇਗੀ। ਇਸ ਤਕਨੀਕ ਵਿੱਚ ਅਪਰਾਧੀ ਬਾਰੇ ਕਾਫੀ ਹੱਦ ਤੱਕ ਸਟੀਕ ਜਾਣਕਾਰੀ ਮਿਲ ਸਕੇਗੀ।

ਡਾਕਟਰ ਰਿਚਾ ਤੇ ਡਾਕਟਰ ਕੇਵਲ ਨੇ ਤਿੰਨ ਸਾਲ ਫੁੱਟਪ੍ਰਿੰਟ ਬਾਡੀਮਾਸ ਵਿਸ਼ੇ ਉੱਤੇ ਕੰਮ ਕੀਤਾ ਹੈ। ਪੰਜਾਬ ਵਿੱਚ 461 ਲੋਕਾਂ ਦੇ ਫੁੱਟਪ੍ਰਿੰਟਸ ਦੇ ਸੈਂਪਲ ਲਏ ਗਏ, ਜਿਨ੍ਹਾਂ ਦੇ ਸਰੀਰਕ ਭਾਰ ਦੇ ਹਿਸਾਬ ਨਾਲ ਤਿੰਨ ਵਰਗ ਰੱਖੇ ਗਏ ਸਨ ਅਤੇ ਖੋਜ ਦੌਰਾਨ ਉਨ੍ਹਾਂ ਦੇ ਫੁੱਟਪ੍ਰਿੰਟਸ ਦਾ ਆਕਾਰ ਵੱਖ-ਵੱਖ ਮਿਲਿਆ ਸੀ। ਇਸ ਖੋਜ ਵਿੱਚ 231 ਪੁਰਸ ਅਤੇ 230 ਔਰਤਾਂ ਦੇ ਪੈਰਾਂ ਦੇ ਸੈਂਪਲ ਲਏ ਗਏ ਸਨ। ਇਸ ਖੋਜ ਵਾਸਤੇ ਅਮਰੀਕਨ ਅਕੈਡਮੀ ਆਫ ਫੋਰੈਂਸਿਕ ਸਾਇੰਸਿਜ਼ ਵੱਲੋਂ ਡਾਕਟਰ ਰਿਚਾ ਦਾ ਖੋਜ ਪੱਤਰ ਪ੍ਰਵਾਨ ਕਰ ਲਿਆ ਹੈ। 15 ਤੋਂ 19 ਫਰਵਰੀ ਤੱਕ ਇਸ ਨੂੰ ਏ ਏ ਐਫ ਐਸ ਦੀ 73ਵੀਂ ਸਾਲਾਨਾ ਕਾਨਫਰੰਸ ਵਿੱਚ ਪੇਸ਼ ਕੀਤਾ ਜਾਵੇਗਾ। ਡਾਕਟਰ ਕੇਵਲ ਫੋਰੈਂਸਿਕ ਸਾਇੰਸ ਦੇ ਖੋਜੀ ਹਨ। ਬੀਤੇ 20 ਵਰ੍ਹਿਆਂ ਤੋਂ ਉਹ ਫੋਰੈਂਸਿਕ ਸਾਇੰਸ ਦੇ ਖੋਜ ਕਾਰਜਾਂ ਨਾਲ ਸੰਬੰਧਤ ਹਨ। ਉਨ੍ਹਾਂ ਦੇ 240 ਖੋਜ ਪੱਤਰ ਛਪ ਚੁੱਕੇ ਹਨ। ਇਨ੍ਹਾਂ ਦੇ ਨਾਂਅ 13457 ਸਾਈਟੇਸ਼ਨ, ਕਈ ਕਿਤਾਬਾਂ ਤੇ ਖੋਜ ਰਸਾਲਿਆਂ ਵਿੱਚ ਲੇਖ ਛਪੇ ਹਨ।

## ਵਿਰੋਧ ਪ੍ਰਦਰਸ਼ਨ ਦਾ ਅਧਿਕਾਰ ਕਦੇ ਵੀ ਅਤੇ ਹਰ ਥਾਂ ਨਹੀਂ ਹੋ ਸਕਦਾ: ਸੁਪਰੀਮ ਕੋਰਟ



ਨਵੀਂ ਦਿੱਲੀ, 14 ਫਰਵਰੀ (ਪੋਸਟ ਬਿਊਰੋ)- ਸ਼ਾਹੀਨ ਬਾਗ ਵਿੱਚ ਸੀ ਏ ਏ (ਨਾਗਰਿਕਤਾ ਸੋਧ ਕਾਨੂੰਨ) ਵਿਰੁੱਧ ਧਰਨੇ ਬਾਰੇ ਆਪਣੇ ਪੁਰਾਣੇ ਫੈਸਲੇ 'ਤੇ ਮੁੜ ਵਿਚਾਰ ਕਰਨ ਤੋਂ ਸੁਪਰੀਮ ਕੋਰਟ ਨੇ ਇਨਕਾਰ ਕਰਦਿਆਂ ਕਿਹਾ ਹੈ ਕਿ ਲੰਬੇ ਸਮੇਂ ਤੱਕ ਵਿਰੋਧ ਕਰ ਕੇ ਜਨਤਕ ਥਾਂ 'ਤੇ ਦੂਜਿਆਂ ਦੇ ਅਧਿਕਾਰਾਂ ਨੂੰ ਪ੍ਰਭਾਵਤ ਨਹੀਂ ਕੀਤਾ ਜਾ ਸਕਦਾ। ਵਿਰੋਧ ਦਾ ਅਧਿਕਾਰ ਕਦੇ ਵੀ ਅਤੇ ਹਰ ਥਾਂ ਨਹੀਂ ਕੀਤਾ ਜਾ ਸਕਦਾ। ਕੁਝ ਲੋਕਾਂ ਨੇ ਅਦਾਲਤ ਦੀ ਇਸ ਟਿੱਪਣੀ ਨੂੰ ਅਸਿੱਧੇ ਤਰੀਕੇ ਨਾਲ ਇਸ ਵਕਤ ਚੱਲ ਰਹੇ ਕਿਸਾਨ ਅੰਦੋਲਨ ਨਾਲ ਜੋੜ ਕੇ ਵੀ ਵੇਖਿਆ ਹੈ।

ਕੱਲ੍ਹ ਦਿੱਤੇ ਆਪਣੇ ਫੈਸਲੇ ਵਿੱਚ ਸੁਪਰੀਮ ਕੋਰਟ ਨੇ ਕਿਹਾ ਕਿ ਲੰਬੇ ਸਮੇਂ ਤੱਕ ਵਿਰੋਧ ਦੂਜਿਆਂ ਦੇ ਅਧਿਕਾਰਾਂ ਨੂੰ ਪ੍ਰਭਾਵਤ ਕਰਨ ਵਾਲੇ ਜਨਤਕ ਥਾਂਵਾਂ ਉੱਤੇ ਕਬਜ਼ਾ ਕਰ ਕੇ ਜਾਰੀ ਨਹੀਂ ਰੱਖਿਆ ਜਾ ਸਕਦਾ। ਅਦਾਲਤ ਨੇ ਆਖਿਆ ਕਿ ਸੰਵਿਧਾਨਕ ਵਿਵਸਥਾ ਵਿਰੋਧ ਪ੍ਰਦਰਸ਼ਨ ਤੇ ਰੋਸ ਪ੍ਰਗਟ ਕਰਨ ਦਾ ਅਧਿਕਾਰ ਦਿੰਦੀ ਹੈ, ਪਰ ਕੁਝ ਫਰਜ਼ਾਂ ਦੀ ਬੰਦਿਸ਼ ਦੇ ਨਾਲ ਦਿੰਦੀ ਹੈ। ਸੁਪਰੀਮ ਕੋਰਟ ਨੇ ਆਪਣੇ ਫੈਸਲੇ ਵਿੱਚ ਕਿਹਾ ਕਿ ਅਸੀਂ ਸਿਵਲ ਅਪੀਲ 'ਚ ਮੁੜ ਵਿਚਾਰ ਦੀ ਪਟੀਸ਼ਨ ਅਤੇ ਰਿਕਾਰਡ 'ਤੇ ਵਿਚਾਰ ਕੀਤਾ ਤਾਂ ਸਾਨੂੰ ਉਸ ਵਿੱਚ ਕੋਈ ਗਲਤੀ ਨਹੀਂ ਮਿਲੀ।ਇਹ ਟਿੱਪਣੀ ਜਸਟਿਸ ਐਸ ਕੇ ਕੌਲ, ਜਸਟਿਸ ਅਨਿਰੁਧ ਬੋਸ ਅਤੇ ਜਸਟਿਸ ਕ੍ਰਿਸ਼ਨ ਮੁਰਾਰੀ ਦੇ ਬੈਂਚ ਨੇਕੀਤੀ ਹੈ। ਅਸਲ ਵਿੱਚ ਨਾਗਰਿਕਤਾ ਸੋਧ ਐਕਟ ਦੇ ਖਿਲਾਫ ਦਿੱਲੀ ਦੇ ਸ਼ਾਹੀਨ ਬਾਗ ਵਿੱਚ ਪ੍ਰਦਰਸ਼ਨ ਕਰਨ ਵਾਲੀਆਂ ਔਰਤਾਂ ਨੇ ਸੁਪਰੀਮ ਕੋਰਟ ਵਿੱਚ ਸਮੀਖਿਆ ਪਟੀਸ਼ਨ ਵਿੱਚ ਹੀ ਇੱਕ ਹੋਰ ਅਰਜ਼ੀ ਲਾਈ ਅਤੇ ਮੰਗ ਕੀਤੀ ਸੀ ਕਿ ਸੁਪਰੀਮ ਕੋਰਟ ਵੱਲੋਂ ਅੰਦੋਲਨ ਨੂੰ ਲੈ ਕੇ ਅਕਤੂਬਰ 2020 ਵਿੱਚ ਜੋ ਹੁਕਮ ਦਿੱਤਾ ਗਿਆ ਸੀ, ਉਸ 'ਤੇ ਮੁੜ ਸੁਣਵਾਈ ਕੀਤੀ ਜਾਣੀ ਚਾਹੀਦੀ ਹੈ।।

ਲਾਲ ਕਿਲ੍ਹਾ ਹਿੰਸਾ ਕੇਸ

# ਦੀਪ ਸਿੱਧੂ ਤੇ ਇਕਬਾਲ ਸਿੰਘ ਨੂੰ ਦਿੱਲੀ ਪੁਲਸ ਲਾਲ ਕਿਲ੍ਹੇ ਵਿੱਚ ਸੀਨ ਕ੍ਰੀਏਟ ਕਰਨ ਲਈ ਲੈ ਕੇ ਗਈ



ਨਵੀਂ ਦਿੱਲੀ, 14 ਫਰਵਰੀ (ਪੋਸਟ ਬਿਊਰੋ)- ਬੀਤੀ 26 ਜਨਵਰੀ ਦੇ ਦਿਨ ਕਿਸਾਨਾਂ ਦੀ ਟਰੈਕਟਰ ਪਰੇਡ ਦੌਰਾਨ ਲਾਲ ਕਿਲ੍ਹਾ ਵਿੱਚ ਵਾਪਰੀਆਂ ਘਟਨਾਵਾਂ ਦੇ ਕੇਸ ਵਿੱਚ ਕੱਲ੍ਹ ਦਿੱਲੀ ਪੁਲਸ ਦੀ ਅਪਰਾਧ ਸੈਲ ਨੇ ਦੋਸ਼ੀ ਬਣਾਏ ਅਦਾਕਾਰ ਦੀਪ ਸਿੱਧੂ ਅਤੇ ਕਥਾ ਵਾਚਕ ਇਕਬਾਲ ਸਿੰਘ ਨੂੰ ਲਾਲ ਕਿਲ੍ਹੇ ਦਾ ਚੱਕਰ ਲਵਾਇਆ।

ਵਰਨਣ ਯੋਗ ਹੈ ਕਿ ਪੁਲਸ ਦੇ ਕੇਸ ਮੁਤਾਬਕ 26 ਜਨਵਰੀ ਦੀਆਂ ਘਟਨਾਵਾਂ ਪਿੱਛੇ ਦੀਪ ਸਿੱਧੂ ਦਾ ਹੱਥ ਸੀ। ਉਸ ਨੂੰ ਦਿੱਲੀ ਪੁਲਸ ਦੇ ਵਿਸ਼ੇਸ਼ ਸੈਲ ਨੇ ਬੀਤੇ ਸੋਮਵਾਰ ਹਰਿਆਣਾ ਤੋਂ ਕਰਨਾਲ ਦੇ ਬਾਈਪਾਸ ਤੋਂ ਫੜਿਆ ਸੀ। ਇਸ ਬਾਰੇ ਇੱਕ ਸੀਨੀਅਰ ਪੁਲਸ ਅਧਿਕਾਰੀ ਨੇ ਦੱਸਿਆ ਕਿ ਸਿੱਧੂ ਤੇ ਇਕਬਾਲ ਸਿੰਘ ਨੂੰ ਅਪਰਾਧ ਸੈਲ ਦੀ ਟੀਮ ਕੱਲ੍ਹ ਲਾਲ ਕਿਲ੍ਹੇ ਵਿੱਚ ਲੈ ਕੇ ਗਈ ਤਾਂ ਕਿ ਗਣਤੰਤਰ ਦਿਵਸ ਮੌਕੇ ਹੋਈਆਂ ਘਟਨਾਵਾਂਦੀ ਲੜੀ ਨੂੰ ਸਮਝਿਆ ਜਾ ਸਕੇ। ਇਸ ਅਧਿਕਾਰੀ ਨੇ ਦੱਸਿਆ ਕਿ ਅਪਰਾਧ ਸੈਲ ਦੀ ਟੀਮ ਓਥੋਂ ਦੀ ਜਾਂਚ ਕਰੇਗੀ ਤਾਂ ਕਿ ਪਤਾ ਲਾਇਆ ਜਾ ਸਕੇ ਕਿ ਪ੍ਰਦਰਸ਼ਨਕਾਰੀ ਕਿਸ ਰਸਤੇ ਤੋਂ ਉਥੇ ਪੁੱਜੇ ਅਤੇ ਲਾਲ ਕਿਲ੍ਹੇ ਵਿੱਚ ਕੀ ਵਾਪਰਿਆ ਸੀ। ਦਿੱਲੀ ਪੁਲਸ ਨੇ ਦੀਫ ਸਿੱਧੂ, ਜੁਗਰਾਜ ਸਿੰਘ, ਗੁਰਜੋਤ ਸਿੰਘ ਅਤੇ ਗੁਰਜੰਟ ਸਿੰਘ ਬਾਰੇ ਸੂਚਨਾ ਦੇਣ ਵਾਲਿਆਂ ਨੂੰ ਇੱਕ ਲੱਖ ਰੁਪਏ ਇਨਾਮ ਦੇਣ ਦਾ ਐਲਾਨ ਕੀਤਾ ਸੀ, ਜਿਨ੍ਹਾਂ ਨੇ ਲਾਲ ਕਿਲ੍ਹੇ 'ਤੇ ਝੰਡਾ ਲਾਇਆ ਸੀ। ਪ੍ਰਦਰਸ਼ਨਕਾਰੀਆਂ ਨੂੰ ਭੜਕਾਉਣ ਲਈ ਬੂਟਾ ਸਿੰਘ, ਸੁਖਦੇਵ ਸਿੰਘ, ਜਜਬੀਰ ਸਿੰਘ ਅਤੇ ਇਕਬਾਲ ਸਿੰਘ 'ਤੇ 50-50 ਹਜ਼ਾਰ ਰੁਪਏ ਦਾ ਇਨਾਮ ਰੱਖਿਆ ਗਿਆ ਸੀ। ਇਨ੍ਹਾਂ 'ਚੋਂ ਸਿੱਧੂ, ਇਕਬਾਲ ਸਿੰਘ ਅਤੇ ਸੁਖਦੇਵ ਸਿੰਘ ਨੂੰ ਗ੍ਰਿਫਤਾਰ ਕੀਤਾ ਜਾ ਚੁੱਕਾ ਅਤੇ ਬਾਕੀਆਂ ਨੂੰ ਫੜਨ ਲਈ ਛਾਪੇ ਮਾਰੇ ਜਾ ਰਹੇ ਹਨ।

# ਭਾਰਤ ਦਾ ਸੁਰੱਖਿਆ ਸਲਾਹਕਾਰ ਅਜੀਤ ਡੋਵਾਲ ਦਹਿਸ਼ਤਗਰਦਾਂ ਦੇ ਨਿਸ਼ਾਨੇ ਉਤੇ

*** ਗ੍ਰਿਫਤਾਰ ਕੀਤੇ ਗਏ ਅੱਤਵਾਦੀ ਵੱਲੋਂ ਅਹਿਮ ਖੁਲਾਸਾ**



ਸ੍ਰੀਨਗਰ, 14 ਫਰਵਰੀ (ਪੋਸਟ ਬਿਊਰੋ)- ਜੰਮੂ ਸ਼ਹਿਰ ਦੇ ਕੁੰਜਵਾਨੀ ਇਲਾਕੇ ਤੋਂ ਕੁਝ ਦਿਨ ਪਹਿਲਾਂ ਫੜੇ ਗਏ ਲਸ਼ਕਰ ਏ ਮੁਸਤਫਾ ਨਾਂਅ ਦੀ ਅੱਤਵਾਦੀ ਜਥੇਬੰਦੀ ਦੇ ਕਮਾਂਡਰ ਹਿਦਾਇਤ ਉਲਾ ਮਲਿਕ ਨੇ ਪੁੱਛਗਿੱਛ ਦੌਰਾਨ ਪੁਲਸ ਕੋਲ ਕੁਝ ਅਹਿਮ ਖੁਲਾਸੇ ਕਰਦਿਆਂ ਕਿਹਾ ਕਿ ਉਨ੍ਹਾਂ ਦੇ ਨਿਸ਼ਾਨੇ 'ਤੇ ਭਾਰਤ ਸਰਕਾਰ ਦਾ ਕੌਮੀ ਸੁਰੱਖਿਆ ਸਲਾਹਕਾਰ ਐਨ ਐਸ ਏ ਮੁਖੀ ਅਜੀਤ ਡੋਵਾਲ ਸੀ ਅਤੇ ਆਪਣੇ ਇਸ ਮਿਸ਼ਨ ਨੂੰ ਪੂਰਾ ਕਰਨ ਲਈ ਹਿਦਾਇਤ ਉਲਾ 24 ਮਈ 2019 ਨੂੰ ਦਿੱਲੀ ਗਿਆ ਸੀ, ਜਿੱਥੇ ਉਸ ਨੇ ਐਨ ਐਸ ਏ ਅਤੇ ਸੀ ਆਰ ਪੀ ਐਫ ਦੇ ਦਫਤਰਾਂ ਦੀ ਰੇਕੀ ਕੀਤੀ ਸੀ।

ਇਨ੍ਹਾਂ ਖੁਲਾਸਿਆਂ ਮੁਤਾਬਕ ਦਿੱਲੀ ਪੁੱਜਣ 'ਤੇ ਹਿਦਾਇਤ ਉਲਾ ਮਲਿਕ ਨੂੰ ਪਾਕਿਸਤਾਨ ਵਿਚਲੇ ਉਸ ਦੇ ਆਕਾਵਾਂ ਨੇ ਸਰਦਾਰ ਪਟੇਲ ਭਵਨ ਅਤੇ ਰਾਜਧਾਨੀ ਦੇ ਕਈ ਮਹੱਤਵਪੂਰਨ ਥਾਵਾਂ ਦੀ ਰੇਕੀ ਕਰਨ ਨੂੰ ਕਹਾ ਸੀ। ਰੇਕੀ ਦੇ ਬਾਅਦ ਉਸ ਨੇ ਇਹ ਸਾਰੀਆਂ ਤਸਵੀਰਾਂ ਪਾਕਿ-ਸਤਾਨ ਵਿਚਲੇ ਆਕਾਵਾਂ ਨੂੰ ਵਾਟਸਐਪ ਕਰ ਦਿੱਤੀਆਂ ਸਨ। ਵਰਨਣ ਯੋਗ ਹੈ ਕਿ ਜੈਸ਼ ਏ ਮੁਹੰਮਦ ਜਥੇਬੰਦੀ ਦੇ ਮੁਖੀ ਮਸੂਦ ਅਜ਼ਹਰ ਨੂੰ 1994 ਵਿੱਚ ਗ੍ਰਿਫਤਾਰ ਕਰਨ ਪਿੱਛੋਂ ਇੰਟੈਲੀਜੈਂਸ ਬਿਊਰੋ ਦੇ ਮੁਖੀ ਵਜੋਂਅਜੀਤ ਡੋਵਾਲ ਨੇਪੁੱਛਗਿੱਛ ਕੀਤੀ ਸੀ, ਜਦ ਕਿ 1999 ਵਿੱਚ ਏਅਰ ਇੰਡੀਆ ਜਹਾਜ ਦੀ ਹਾਈਜੈਕਿੰਗ ਦੇ ਬਦਲੇ ਅਜ਼ਹਰ ਦੀ ਰਿਹਾਈ ਵੇਲੇ ਅਜੀਤ ਡੋਵਾਲ ਉਸ ਨੂੰ ਕੰਧਾਰ ਲੈ ਕੇ ਗਿਆ ਸੀ। ਸਾਲ 2016 ਅਤੇ 2019 ਦੀਆਂ ਸਰਜੀਕਲ ਸਟਰਾਇਕਾਂ ਦੇ ਬਾਅਦ ਡੋਵਾਲ ਦੀ ਭੂਮਿਕਾ ਬਾਰੇ ਵੀ ਉਹ ਅੱਤਵਾਦੀਆਂ ਦੇ ਨਿਸ਼ਾਨੇ ਉੱਤੇ ਹਨ। ਹਦਾਇਤ ਉਲਾ ਨੇ ਪਾਕਿਸਤਾਨ ਵਿੱਚ ਬੈਠੇ ਆਪਣੇ 10 ਆਕਾਵਾਂ ਦੇ ਨਾਂਅ ਅਤੇ ਫੋਨ ਨੰਬਰ ਵੀ ਦਿੱਤੇ ਸਨ।

ਇਸ ਦੌਰਾਨ ਜੰਮੂ ਕਸ਼ਮੀਰ ਪੁਲਸ ਨੇ ਦੱਖਣੀ ਕਸ਼ਮੀਰ ਦੇ ਕੁਲਗਾਮ ਜ਼ਿਲ੍ਹੇ ਵਿੱਚ ਭਾਜਪਾ ਦੇ ਤਿੰਨ ਵਰਕਰਾਂ ਅਤੇ ਪੁਲਸ ਕਰਮਚਾਰੀਆਂ ਦੇ ਕਤਲ ਲਈ ਜ਼ਿੰਮੇਵਾਰ 'ਦ ਰਸਿਸਟੈਂਸ ਫੋਰਸ' (ਟੀ ਆਰ ਐਫ) ਦੇ ਚੋਟੀ ਦੇ ਅੱਤਵਾਦੀ ਜ਼ਾਹੂਰ ਅਹਿਮਦ ਰਾਥਰ ਉਰਫ ਸਾਹਿਲ ਉਰਫ ਖਾਲਿਦ ਨੂੰ ਜੰਮੂ ਦੇ ਸਾਂਬਾ ਇਲਾਕੇ ਦੇ ਤੇਲੀ ਮੁਹੱਲੇ 'ਚੋਂ ਗ੍ਰਿਫਤਾਰ ਕਰ ਲਿਆ ਹੈ। ਕਸ਼ਮੀਰ ਰਾਜ ਦੇ ਆਈ ਜੀ ਵਿਜੇ ਕੁਮਾਰ ਅਨੁਸਾਰ ਅਨੰਤਨਾਗ ਜ਼ਿਲ੍ਹਾ ਪੁਲਸ ਨੇਇੱਕ ਪੱਕੀ ਸੂਚਨਾ 'ਤੇ ਸਾਂਬਾ ਵਿਖੇ 12 ਫਰਵਰੀ ਦੀ ਰਾਤ ਨੂੰ ਉਸ ਥਾਂ ਛਾਪੇਮਾਰੀ ਕੀਤੀ, ਜਿੱਥੇ ਜ਼ਹੂਰ ਆਪਣੇ ਪਰਵਾਰ ਸਮੇਤ ਕਈ ਮਹੀਨੇ ਤੋਂ ਲੁਕਿਆ ਹੋਇਆ ਸੀ। ਅਨੰਤਨਾਗ ਦੀ ਇੱਕ ਵਿਸ਼ੇਸ਼ ਪੁਲਸ ਪਾਰਟੀ ਕੱਲ੍ਹ ਰਾਤ ਇਸ ਨੂੰ ਜਿਊਂਦਾ ਗ੍ਰਿਫਤਾਰ ਕਰਨ ਵਿੱਚ ਸਫਲ ਰਹੀ। ਜ਼ਾਹੂਰ ਪਿਛਲੇ ਸਾਲ 29 ਅਕਤੂਬਰ 2020 ਨੂੰ ਕੁਲਗਾਮ ਦੇ ਯਾਰੀਪੋਰਾ ਇਲਾਕੇ ਵਿੱਚ ਭਾਜਪਾ ਦੇ ਤਿੰਨ ਵਰਕਰਾਂ ਫਿਦਾ ਹੁਸੈਨ ਯਤੂ, ਓਮਰ ਰਸ਼ੀਦ ਬੇਗ ਅਤੇ ਓਰਮ ਰਜ਼ਾਨ ਹਜ਼ਾਮ ਦੇ ਇਲਾਵਾ ਇੱਕ ਪੁਲਸ ਕਰਮਚਾਰੀ ਦੇ ਕਤਲ ਲਈ ਜ਼ਿੰਮੇਵਾਰ ਸੀ। ਆਈ ਜੀ ਅਨੁਸਾਰ ਟੀ ਆਰ ਐਫ ਅਸਲ ਵਿੱਚ ਲਸ਼ਕਰ ਏ ਤੋਇਬਾ ਦਾ ਹੀ ਨਵਾਂ ਗਰੁੱਪ ਹੈ।

ਸ਼ਿਵ ਸੈਨਾ ਵੱਲੋਂ ਮੋਦੀ ਸਰਕਾਰ ਨੂੰ ਧਮਕੀ

## ਸੰਵਿਧਾਨ ਨੂੰ ਬਚਾਉਣਾ ਹੈ ਤਾਂ ਗਵਰਨਰ ਕੋਸ਼ਿਆਰੀ ਨੂੰ ਵਾਪਸ ਸੱਦੋ



ਮੁੰਬਈ, 14 ਫਰਵਰੀ (ਪੋਸਟ ਬਿਊਰੋ)- ਮਹਾਰਾਸ਼ਟਰ ਵਿੱਚ ਸ਼ਿਵ ਸੈਨਾ ਨੇ ਸੂਬੇ ਦੇ ਗਵਰਨਰ ਭਗਤ ਸਿੰਘ ਕੋਸ਼ਿਆਰੀ ਉਤੇ ਭਾਜਪਾ ਦੇ ਪਾਏ ਪੂਰਨਿਆਂ 'ਤੇ ਤੁਰਨ ਦਾ ਦੋਸ਼ ਲਾਇਆ ਅਤੇ ਕੇਂਦਰ ਦੀ ਨਰਿੰਦਰ ਮੋਦੀ ਸਰਕਾਰ ਨੂੰ ਧਮਕੀ ਦਿੱਤੀ ਹੈ ਕਿ ਜੇ ਮੋਦੀ ਸਰਕਾਰ ਚਾਹੁੰਦੀ ਹੈ ਕਿ ਮਹਾਰਾਸ਼ਟਰ ਵਿੱਚ ਸੰਵਿਧਾਨ ਬਰਕਰ-ਾਰ ਰਹੇ ਤਾਂ ਉਸ ਨੂੰ ਗਵਰਨਰ ਨੂੰ ਵਾਪਸ ਸੱਦ ਲੈਣਾ ਚਾਹੀਦਾ ਹੈ। ਪਾਰਟੀ ਨੇ ਕਿਹਾ ਕਿ ਮਹਾ-ਵਿਕਾਸ ਅਘਾੜੀ ਸਰਕਾਰ ਟਿਕਾਊ ਤੇ ਮਜ਼ਬੂਤ ਹੈ ਅਤੇਇਸ ਉੱਤੇ ਨਿਸ਼ਾਨੇ ਵਿੰਨ੍ਹਣ ਲਈ ਕੇਂਦਰ ਵੱਲੋਂ ਗਵਰਨਰ ਦੇ ਮੋਢਿਆਂ ਦੀ ਵਰਤੋਂ ਕੀਤੀ ਜਾ ਸਕਦੀ ਹੈ।

ਆਪਣੇ ਮੁੱਖ ਪੱਤਰ ਸਾਮਨਾ ਦੀ ਕੱਲ੍ਹ ਦੀ ਸੰਪਾਦਕੀ ਵਿੱਚ ਸ਼ਿਵ ਸੈਨਾ ਨੇ ਲਿਖਿਆ ਹੈ ਕਿ ਗਵਰਨਰ ਭਗਤ ਸਿੰਘ ਕੋਸ਼ਿਆਰੀ ਮੁੜ ਕੇ ਖਬਰਾਂ 'ਚ ਹਨ। ਉਹ ਪਿਛਲੇ ਕਈ ਸਾਲਾਂ ਤੋਂ ਸਿਆਸਤ ਵਿੱਚ ਰਹੇ ਹਨ ਅਤੇ ਉਹ ਕੇਂਦਰੀ ਮੰਤਰੀ ਅਤੇ ਉਤਰਾਖੰਡ ਦੇ ਮੁੱਖ ਮੰਤਰੀ ਵੀ ਰਹਿ ਚੁੱਕੇ ਹਨ। ਜਦੋਂ ਤੋਂ ਮਹਾਰਾਸ਼ਟਰ ਦੇਗਵਰਨਰ ਬਣੇ ਹਨ, ਉਦੋਂ ਤੋਂ ਜਾਂ ਉਹ ਖਬਰਾਂ ਵਿੱਚ ਰਹੇ ਜਾਂ ਵਿਵਾਦਾਂ ਵਿੱਚ ਘਿਰੇ ਰਹੇ ਹਨ। ਸੰਪਾਦਕੀ ਵਿਚ ਪੁੱਛਿਆ ਗਿਆ ਹੈ ਕਿ ਉਹ ਹਮੇਸ਼ਾ ਵਿਵਾਦਾਂ ਵਿੱਚ ਕਿਉਂ ਰਹਿੰਦੇ ਹਨ, ਇਹ ਇੱਕ ਪੁੱਛਣ ਵਾਲਾ ਸਵਾਲ ਹੈ। ਪਿਛਲੇ ਦਿਨੀਂ ਸੂਬਾ ਸਰਕਾਰ ਦੇ ਹਵਾਈ ਜਹਾਜ਼ ਦੀ ਵਰਤੋਂ ਨੂੰ ਲੈ ਕੇ ਉਹ ਖਬਰਾਂ ਵਿੱਚ ਰਹੇ ਹਨ। ਗਵਰਨਰ ਸਰਕਾਰੀ ਹਵਾਈ ਜਹਾਜ਼ ਰਾਹੀਂ ਦੇਹਰਾਦੂਨ ਜਾਣਾ ਚਾਹੁੰਦੇ ਸਨ, ਪਰ ਸੂਬਾ ਸਰਕਾਰ ਨੇ ਇਸ ਦੀ ਆਗਿਆ ਨਹੀਂ ਦਿੱਤੀ। ਉਹ ਪਰਸੋਂ ਸਵੇਰੇ ਹਵਾਈ ਜਹਾਜ਼ ਵਿੱਚ ਬੈਠ ਗਏ, ਪਰ ਹਵਾਈ ਜਹਾਜ਼ ਨੂੰ ਉਸ ਵੇਲੇ ਉਡਾਣ ਭਰਨ ਦੀ ਆਗਿਆ ਨਹੀਂ ਸੀ ਮਿਲੀ।

## ਮਨੀ ਲਾਂਡਰਿੰਗ ਦੇ ਕੇਸ ਵਿੱਚ ਰੋਜ਼ ਵੈਲੀ ਗਰੁੱਪ ਦੇ ਅਹੁਦੇਦਾਰ ਨੂੰ ਸੱਤ ਸਾਲ ਦੀ ਜੇਲ੍ਹ

ਨਵੀਂ ਦਿੱਲੀ, 14 ਫਰਵਰੀ (ਪੋਸਟ ਬਿਊਰੋ)- ਪੀ ਐਮ ਐਲ ਏ (ਮਨੀ ਲਾਂਡਰਿੰਗ ਰੋਕੂ ਐਕਟ) ਲਈ ਵਿਸ਼ੇਸ਼ ਅਦਾਲਤ ਨੇ ਮਨੀ ਲਾਂਡਰਿੰਗ ਜਾਂਚ ਦੇ ਦੋਸ਼ ਵਿੱਚ ਰੋਜ਼ ਵੈਲੀ ਗਰੁੱਪ ਦੇ ਅਹੁਦੇਦਾਰ ਅਰੁਣ ਮੁਖਰਜੀ ਨੂੰ 2.5 ਲੱਖ ਰੁਪਏ ਜੁਰਮਾਨੇ ਦੇ ਨਾਲ ਹੀ ਸੱਤ ਸਾਲ ਕੈਦ ਦੀ ਸਜ਼ਾ ਵੀ ਸੁਣਾਈ ਹੈ।

ਇਨਫੋਰਸਮੈਂਟ ਡਾਇਰੈਕਟੋਰੇਟ (ਈ ਡੀ) ਦੇ ਇੱਕ ਅਧਿਕਾਰੀ ਨੇ ਕਿਹਾ ਕਿ ਵਿਸ਼ੇਸ਼ ਪੀ ਐਮ ਐਲ ਏ ਅਦਾਲਤ ਨੇ ਪਰਸੋਂ ਅਰੁਣ ਮੁਖਰਜੀ ਨੂੰ 2.5 ਲੱਖ ਰੁਪਏ ਦੇ ਜੁਰਮਾਨੇ ਦੇ ਨਾਲ ਸੱਤ ਸਾਲ ਕੈਦ ਅਤੇ ਦੂਸਰੇ ਕੇਸ ਵਿੱਚ ਛੇ ਮਹੀਨੇ ਲਈ ਸਖਤ ਕੈਦ ਦੀ ਸਜ਼ਾ ਸੁਣਾਈ ਹੈ। ਈ ਡੀ ਨੇ ਰੋਜ਼ ਵੈਲੀ ਰੀਅਲ ਅਸਟੇਟ ਕੰਸਟ੍ਰਕਸ਼ਨ ਲਿਮਟਿਡ ਦੇ ਚੇਅਰਮੈਨ ਗੌਤਮ ਕੁੰਡੂ ਦੇ ਨਾਲ 2014 ਵਿੱਚ ਕੰਪਨੀ ਨਾਲ ਜੁੜੇ ਹੋਰਨਾਂ ਵਿਅਕਤੀਆਂ ਦੇ ਖਿਲਾਫ ਵੀ ਕੇਸ ਦਰਜ ਕੀਤਾ ਸੀ। ਇਸ ਅਧਿਕਾਰੀ ਨੇ ਕਿਹਾ ਕਿ ਅਰੁਣ ਮੁਖਰਜੀ, ਜੋ ਡਿਬੈਂਚਰ ਟਰੱਸਟੀ ਸਨ ਅਤੇ ਸਬੰਧਤ ਸਮੇਂ ਵਿੱਚ ਕੰਪਨੀ ਦੇ ਗਲਤ ਕੰਮਾਂ ਦੇ ਲਈ ਜ਼ਿੰਮੇਵਾਰ ਸਨ ਨੂੰ ਕੋਲਕਾਤਾ ਵਿਚ ਪੀ ਐਮ ਐਲ ਏ ਦੀ ਵਿਸ਼ੇਸ਼ ਅਦਾਲਤ ਨੇ ਮਨੀ ਲਾਂਡਰਿੰਗ ਦਾਦੋਸ਼ੀ ਮੰਨਿਆ ਸੀ। ਅਧਿਕਾਰੀ ਨੇ ਕਿਹਾ ਕਿ ਭਾਰਤੀ ਸ਼ੇਅਰ ਰੈਗੂਲੇਟਰੀ ਬੋਰਡ (ਸੇਬੀ) ਵਿੱਚ ਇਹ ਦੋਸ਼ ਲਗਾਇਆ ਗਿਆ ਸੀ ਕਿ ਰੋਜ਼ ਵੈਲੀ ਰੀਅਲ ਅਸਟੇਟ ਕੰਸਟ੍ਰਕਸ਼ਨ ਲਿਮਟਿਡ ਅਤੇ ਇਸ ਦੀਆਂ ਐਸੋਸੀਏਟ ਕੰਪਨੀਆਂ ਨੇ 2001-2002, 2004-2005, 2005-2006 ਅਤੇ 2007-2008 ਵਿੱਚ ਸੁਰੱਖਿਅਤ ਰੂਪ 'ਚਨਾਨ-ਟਰਾਂਸਫਰ ਡਿਬੈਂਚਰ ਮੰਗਵਾਈ ਅਤੇ ਹਰ ਸਾਲ ਵਿੱਚ 49 ਤੋਂ ਵੱਧ ਲੋਕਾਂ ਨੂੰ ਜਾਰੀ ਕੀਤਾ ਗਿਆ ਅਤੇ ਗੈਰ ਕਾਨੂੰਨੀ ਰੂਪ 'ਚਾਂ ਕੁੱਲ 12.82 ਕਰੋੜ ਰੁਪਏ ਦੀ ਰਾਸ਼ੀ ਇਕੱਠੀ ਕੀਤੀ, ਜਿਹੜਾ ਅਸਲ ਵਿੱਚ ਕਾਲੇ ਧਨ ਦਾ ਲੈਣ-ਦੇਣ ਸੀ।

## ਹੜ੍ਹ ਅਤੇ ਤੂਫਾਨ ਕਾਰਨ ਪੰਜ ਭਾਰਤੀ ਰਾਜਾਂ ਦੇ ਲਈ 3113 ਕਰੋੜ ਦਾ ਰਾਹਤ ਪੈਕੇਜ

ਨਵੀਂ ਦਿੱਲੀ, 14 ਫਰਵਰੀ (ਪੋਸਟ ਬਿਊਰੋ)- ਭਾਰਤ ਦੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਦੀ ਅਗਵਾਈ ਵਾਲੀ ਉਚ ਪੱਧਰੀ ਕਮੇਟੀ ਨੇ ਪਿਛਲੇ ਸਾਲ ਕੁਦਰਤੀ ਆਫਤਾਂ ਤੇ ਟਿੱਡੀਆਂ ਦੇ ਹਮਲੇ ਦਾ ਸਾਹਮਣਾ ਕਰਨਾ ਵਾਲੇ ਪੰਜ ਸੂਬਿਆਂ ਲਈ 3113.05 ਕਰੋੜ ਰੁਪਏ ਦੇ ਰਾਹਤ ਪੈਕੇਜ ਨੂੰ ਮਨਜ਼ੂਰੀ ਦਿੱਤੀ ਹੈ। ਇਨ੍ਹਾਂ ਸੂਬਿਆਂ 'ਚ ਆਂਧਰਾ ਪ੍ਰਦੇਸ਼, ਬਿਹਾਰ, ਤਾਮਿਲ ਨਾਡੂ, ਪੁੱਡੂਚੇਰੀ ਤੇ ਮੱਧ ਪ੍ਰਦੇਸ਼ ਸ਼ਾਮਲ ਹਨ। ਗ੍ਰਹਿ ਮੰਤਰਾਲੇ ਵੱਲੋਂ ਜਾਰੀ ਬਿਆਨ ਵਿੱਚ ਕਿਹਾ ਗਿਆ ਹੈ ਕਿ ਇਨ੍ਹਾਂ ਸੂਬਿਆਂ 'ਚ ਕੌਮੀ ਆਫਤ ਪ੍ਰਬੰਧਕੀ ਫੰਡ (ਐਨ ਡੀ ਆਰ ਐਮ ਐਫ) ਤੋਂ ਇਹ ਵਾਧੂ ਕੇਂਦਰੀ ਮਦਦਦਿੱਤੀ ਜਾਵੇਗੀ। ਬਿਆਨ ਮੁਤਾਬਕ ਪਿਛਲੇ ਸਾਲ ਇਹ ਸੂਬੇ ਹੜ੍ਹ, ਚੱਕਰਵਾਤ ਤੇ ਟਿੱਡੀਆਂ ਦੇ ਹਮਲੇ ਨਾਲ ਪ੍ਰਭਾਵਤ ਰਹੇ ਸਨ। ਦੱਖਣੀ-ਪੱਛਮੀ ਮਾਨਸੂਨ ਦੌਰਾਨ ਆਂਧਰਾ ਪ੍ਰਦੇਸ਼ ਅਤੇ ਬਿਹਾਰ ਨੂੰ ਹੜ੍ਹਾਂ ਦਾ ਸਾਹਮਣਾ ਕਰਨਾ ਪਿਆ ਸੀ, ਇਸ ਨਾਲ ਹੋਏ ਨੁਕਸਾਨ ਦੀ ਭਰਪਾਈ ਲਈ ਦੋਵਾਂ ਰਾਜਾਂ ਨੂੰ ਕ੍ਰਮਵਾਰ 280.78 ਕਰੋੜ ਅਤੇ 1255.27 ਕਰੋੜ ਦੀ ਵਾਧੂ ਕੇਂਦਰੀ ਸਹਾਇਤਾ ਦਿੱਤੀ ਜਾਵੇਗੀ। ਤਾਮਿਲ ਨਾਡੂ ਨੂੰ ਚੱਕਰਵਾਤ ਨਿਵਾਰ ਅਤੇ ਬੁਰੇਵੀ ਲਈ ਕਰਮਵਾਰ 63.14 ਕਰੋੜ ਤੇ 223.77 ਕਰੋੜ ਰੁਪਏ, ਕੁੱਲ 286.91 ਕਰੋੜ ਰੁਪਏ ਦਿੱਤੇ ਜਾਣਗੇ। ਇਸੇ ਤਰ੍ਹਾਂ ਕੇਂਦਰ ਸ਼ਾਸਤ ਪ੍ਰਦੇਸ਼ ਪੁੱਡੀਚੇਰੀ ਨੂੰ 1280.18 ਕਰੋੜ ਰੁਪਏ ਦਿੱਤੇ ਜਾਣਗੇ, ਜਿਸ ਨੂੰ ਚੱਕਰਵਾਤ ਨਿਵਾਰ ਤੋਂ ਅਤੇ ਮੱਧ ਪ੍ਰਦੇਸ਼ ਨੂੰ ਟਿੱਡੀਆਂ ਦੇ ਹਮਲੇ ਨਾਲ ਭਾਰੀ ਨੁਕਸਾਨ ਹੋਇਆ ਸੀ।ਇਨ੍ਹਾਂ ਕੁਦਰਤੀ ਆਫਤਾਂ ਦੇ ਬਾਅਦ ਕੇਂਦਰ ਸਰਕਾਰ ਨੇ ਸੂਬਾ ਸਰਕਾਰਾਂ ਦਾ ਮੰਗ ਪੱਤਰ ਉਡੀਕੇ ਬਿਨਾਂ ਨੁਕਸਾਨ ਵੇਖਣ ਲਈ ਇੰਟਰ-ਮਨਿਸਟਰੀ ਕੇਂਦਰੀ ਟੀਮਾਂ ਦਾ ਗਠਨ ਕੀਤਾ ਸੀ। ਬਿਆਨ ਮੁਤਾਬਕ ਇਸ ਰਕਮ ਤੋਂ ਇਲਾਵਾ ਕੇਂਦਰ ਸਰਕਾਰ ਅੱਜ ਤੱਕ 28 ਰਾਜਾਂ ਲਈ ਸੂਬਾ ਆਫਤ ਜੋਖਮ ਪ੍ਰਬੰਧਕੀ ਫੰਡ ਚੋਂ 190,36.43 ਕਰੋੜ ਰੁਪਏ ਅਤੇ 11 ਸੂਬਿਆਂ ਨੂੰ ਐਨ ਡੀ ਆਰ ਐਮ ਐਫ ਤੋਂ 4409.71 ਕਰੋੜ ਰੁਪਏ ਦੀ ਮਦਦ ਦੇ ਚੁੱਕੀ ਹੈ।

# ਬ੍ਰਿਟੇਨ ਦੇ ਖਾਲਸਾ ਟੀ ਵੀ ਨੂੰ ਹਿੰਸਾ ਲਈ ਉਕਸਾਉਣ ’ਤੇ ਜੁਰਮਾਨਾ



ਲੰਡਨ, 14 ਫਰਵਰੀ (ਪੋਸਟ ਬਿਊਰੋ)- ਬ੍ਰਿਟੇਨ ਵਿੱਚ ਕੇ ਟੀ ਵੀ ਯਾਨੀ ਖਾਲਸਾ ਟੈਲੀਵਿਜ਼ਨ ਪ੍ਰਾਈਵੇਟ ਲਿਮਟਿਡ ਸਿੱਖਾਂ ਨੂੰ ਹਿੰਸਾ ਲਈ ਉਕਸਾਉਣ ਵਾਲੇ ਪ੍ਰੋਗਰਾਮ ਪੇਸ਼ ਕਰ ਰਿਹਾ ਸੀ। ਇਹ ਟੀ ਵੀ ਵੱਖਵਾਦੀਆਂ ਦੇ ਹਿੰਸਕ ਕੰਮਾਂ ਦੀ ਪ੍ਰਸੰਸਾ ਕਰਦੇ ਹੋਏ ਲੋਕਾਂ ਨੂੰ ਹਿੰਸਾ ਲਈ ਪ੍ਰੇਰਤ ਕਰਦਾ ਸੀ। ਬ੍ਰਿਟੇਨ ਦੀ ਰੈਗੂਲੇਟਰੀ ਸੰਸਥਾ ਆਫਕਾਮ ਨੇ ਇਸ ਵਿਰੁੱਧ ਸਖਤ ਕਾਰਵਾਈ ਕਰਦੇ ਹੋਏ ਇਸ ਪੰਜਾਹ ਹਜ਼ਾਰ ਪੌਂਡ (ਕਰੀਬ ਲੱਖ ਰੁਪਏ) ਜੁਰਮਾਨਾ ਲਾਇਆ ਹੈ।

ਇਸ ਸੰਬੰਧ ਵਿੱਚ ਬ੍ਰਿਟੇਨ ਦੀ ਮੀਡੀਆ ਰੈਗੂਲੇਟਰੀ ਅਥਾਰਟੀ ‘ਦ ਆਫਿਸ ਆਫ ਕਮਿਊਨੀਕੇਸ਼ਨ’ (ਆਫ ਕਾਮ) ਨੇ ਇਹ ਕਾਰਵਾਈ ਕਰਦੇ ਹੋਏ ਕਿਹਾ ਕਿ ਖਾਲਸਾ ਟੀ ਵੀ ਹਿੰਸਾ ਲਈ ਪ੍ਰੇਰਿਤ ਕਰਨ ਵਾਲੇ ਪ੍ਰੋਗਰਾਮਾਂ ਦਾ ਪ੍ਰਸਾਰਨ ਕਰਨ ਵਾਲੇ ਇੱਕ ਮਿਊਜ਼ਿਕ ਵੀਡੀਓ ‘ਬੱਗਾ ਐਂਡ ਸ਼ੇਰਾ’ ਚਲਾਉਣ ਦਾ ਦੋਸ਼ੀ ਪਾਇਆ ਗਿਆ ਹੈ ਅਤੇ ਇਸ ਲਈ ਉਸ 'ਤੇ 20 ਹਜ਼ਾਰ ਪੌਂਡ ਦਾ ਜੁਰਮਾਨਾ ਲਾਇਆ ਹੈ। ਇਹ ਮਿਊਜ਼ਿਕ ਵੀਡੀਓ ਸਿੱਧੇ ਤੌਰ 'ਤੇ ਬ੍ਰਿਟੇਨ ਅਤੇ ਭਾਰਤ ਵਿੱਚ ਰਹਿਣ ਵਾਲੇ ਸਿੱਖਾਂ ਨੂੰ ਹਿੰਸਾ, ਇੱਥੋਂ ਤੱਕ ਕਿ ਹੱਤਿਆ ਤੱਕ ਲਈ ਪ੍ਰੇਰਿਤ ਕਰਨ ਵਾਲਾ ਸੀ।ਰੈਗੂਲੇਟਰੀ ਸੰਸਥਾ ਅਨੁਸ-ਾਰ ਖਾਲਸਾ ਟੀ ਵੀ ਚਰਚਾਦੇ ਪ੍ਰੋਗਰਾਮ ਵਿੱਚ ਨਿਯਮਾਂ ਦੇ ਉਲੰਘਣ ਦਾ ਵੀ ਦੋਸ਼ੀ ਪਾਇਆ ਗਿਆ ਹੈ। ਇਸ ਨੇ ‘ਪਾਠਕ ਮਸਲੇ’ ਨਾਂਅ ਦੇ ਪ੍ਰੋਗਰਾਮ ਵਿੱਚ ਵੱਖ-ਵੱਖ ਲੋਕਾਂ ਨੂੰ ਬੁਲਾ ਕੇ ਭੜਕਾਊ ਵਿਚਾਰਾਂ ਦਾ ਪ੍ਰਸਾਰਨ ਕੀਤਾ ਹੈ। ਆਫਕਾਮ ਨੇ ਇਸ ਪ੍ਰੋਗਰਾਮ ਨੂੰ ਪਾਬੰਦੀਸ਼ੁਦਾ ਸੰਗਠਨ ਬੱਬਰ ਖਾਲਸਾ ਦਾ ਗੁਣਗਾਨ ਕਰਨ ਦਾ ਦੋਸ਼ੀ ਪਾਇਆ ਅਤੇ ਉਸ ਉਤੇ ਤੀਹ ਹਜ਼ਾਰ ਪੌਂਡ ਦਾ ਜੁਰਮਾਨਾ ਲਾਇਆ ਗਿਆ ਹੈ। ਇਸ ਤਰ੍ਹਾਂ ਉਸ 'ਤੇ 50 ਹਜ਼ਾਰ ਪੌਂਡ (ਕਰੀਬ ਪੰਜਾਹ ਲੱਖ ਭਾਰਤੀ ਰੁਪਏ) ਦਾ ਜੁਰਮਾਨਾ ਲਾਇਆ ਗਿਆ ਹੈ, ਜਿਹੜੀ ਕਾਫੀ ਵੱਡੀ ਰਕਮ ਸਮਝੀ ਜਾਂਦੀ ਹੈ।

# ਫਰਾਂਸ ਦੀ ਸੰਸਥਾ ਵੱਲੋਂ ਦੋਸ਼; ਪਾਕਿਸਤਾਨ ਅੱਤਵਾਦੀਆਂ ਖਿਲਾਫ ਵਿਖਾਵੇ ਦੀ ਕਾਰਵਾਈ ਕਰ ਰਿਹੈ



ਪੈਰਿਸ, 14 ਫਰਵਰੀ (ਪੋਸਟ ਬਿਊਰੋ)- ਅੱਤਵਾਦ ਅਤੇ ਅੱਤਵਾਦੀਆਂ ਦੀ ਫੰਡਿੰਗ ਦੇ ਕੇਸ ਵਿੱਚ ਫਾਇਨੈਂਸ਼ਲ ਐਕਸ਼ਨ ਟਾਸਕ ਫੋਰਸ (ਐਫ ਏ ਟੀ ਐਫ) ਦੇ ਸ਼ਿਕੰਜੇ ਵਿੱਚ ਫਸਣ ਪਿੱਛੋਂ ਪਾਕਿ-ਸਤਾਨ ਫਰਜ਼ੀ ਕਾਰਵਾਈ ਕਰ ਕੇ ਉਸ ਵਿੱਚੋਂ ਨਿਕਲਣ ਦੀ ਕੋਸ਼ਿਸ਼ ਕਰ ਰਿਹਾ ਹੈ। ਉਸ ਨੇ ਕਾਗਜ਼ੀ ਕਾਰਵਾਈ ਕਰਦੇ ਹੋਏ ਇਹ ਦਿਖਾਉਣ ਦੀ ਕੋਸ਼ਿਸ਼ ਕੀਤੀ ਹੈ ਕਿ ਉਸ ਨੂੰ ਗ੍ਰੇਅ ਸੂਚੀ ਵਿੱਚੋਂ ਕੱਢ ਦੇਣਾ ਚਾਹੀਦਾ ਹੈ। ਉਸ ਦੀ ਕਿਸਮਤ ਦਾ ਫੈਸਲਾ ਐਫ ਏ ਟੀ ਐਫ ਵੱਲੋਂ ਇਸ ਫਰਵਰੀ ਦੇ ਆਖਰੀ ਹਫਤੇ ਵਿੱਚ ਹੋਣ ਜਾ ਰਿਹਾ ਹੈ।

ਇਸ ਸੰਬੰਧ ਵਿੱਚ ਫਰਾਂਸ ਦੀ ਇੱਕ ਆਜ਼ਾਦ ਸੰਸਥਾ ਸੈਂਟਰ ਫਾਰ ਪੋਲੀਟੀਕਲ ਐਂਡ ਫਾਰੇਨ ਅਫੇਅਰਜ਼ ਦੀ ਐਂਟੀ ਟੈਰੇਰਿਜ਼ਮ ਟਾਸਕ ਫੋਰਸ ਨੇ ਪੋਲ ਖੋਲ੍ਹ ਦਿੱਤੀ ਹੈ। ਉਸ ਦੀ ਰਿਪੋਰਟ ਮੁਤਾਬਕ ਅੱਤਵਾਦ ਅਤੇ ਅੱਤਵਾਦੀ ਫੰਡਿੰਗ ਦੇ ਕੇਸ ਵਿੱਚ ਪਾਕਿਸਤਾਨ ਦੀ ਕਾਗਜ਼ੀ ਕਾਰਵਾਈ ਦੇ ਨਤੀਜੇ ਜ਼ੀਰੋ ਹਨ। ਪਾਕਿਸਤਾਨ ਨੂੰ 2017 ਵਿੱਚ ਐਫ ਏ ਟੀ ਐਫ ਨੇ ਗ੍ਰੇਅ ਸੂਚੀ ਵਿੱਚ ਪਾਇਆ ਸੀ। ਸਾਲ 2018 ਤੋਂ ਉਸ ਨੇ ਗ੍ਰੇਅ ਸੂਚੀ ਤੋਂ ਬਾਹਰ ਨਿਕਲਣ ਤੇ ਕਾਲੀ ਸੂਚੀ ਵਿੱਚ ਆਉਣ ਤੋਂ ਬਚਣ ਲਈ ਨਾਟਕ ਸ਼ੁਰੂ ਕੀਤਾ ਹੈ। ਇਸ ਵਿੱਚ ਕਈ ਨਿਯਮਾਂ ਦੇ ਪਰਿਵਰਤਨ ਦਾ ਐਲਾਨ ਕੀਤਾ, ਪ੍ਰਕਿਰਿਆ ਬਦਲ ਦੇਣ ਦਾ ਦਾਅਵਾ ਕੀਤਾ ਗਿਆ ਅਤੇ ਫਿਰ ਉਸ ਨੇ ਪੀੜਤ ਬਣਨ ਦੀ ਕੋਸ਼ਿਸ਼ ਵਿੱਚ ਭਾਰਤ ਉੱਤੇ ਕੂੜ ਪ੍ਰਚਾਰ ਦਾ ਦੋਸ਼ ਲਾਇਆ। ਉਸ ਨੇ ਆਪਣੇ ਸਮਰਥਨ ਵਿੱਚ ਝੂਠਾ ਪ੍ਰਚਾਰ ਕਰਨ ਦੀ ਰਣਨੀਤੀ ਵੀ ਬਣਾਈ। ਇਸ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਡੇਨੀਅਲ ਪਰਲ ਕਤਲ ਕੇਸ ਹੋਵੇ ਜਾਂ ਹੋਰ ਅਜਿਹੇ ਕੇਸਾਂ ਵਿੱਚ ਪਾਕਿਸਤਾਨ ਨੇ ਦਿਖਾਵੇ ਦੀ ਕਾਰਵਾਈ ਕਰ ਕੇ ਗ੍ਰੇਅ ਸੂਚੀ ਤੋਂ ਨਿਕਲਣ ਦੀ ਕੋਸ਼ਿਸ਼ ਕੀਤੀ ਹੈ। ਹਕੀਕਤ ਇਹ ਹੈ ਕਿ ਸਾਰੇ ਸੰਗਠਨਾਂ ਦੇ ਅੱਤਵਾਦੀ ਪਾਕਿਸਤਾਨ ਦੀ ਸਰਪ੍ਰਸਤੀ ਵਿੱਚ ਮੌਜ ਕਰਦੇ ਅਤੇ ਆਪਣੇ ਕਾਰਨਾਮੇ ਕਰ ਰਹੇ ਹਨ। ਇਸ ਸਥਿਤੀ ਵਿੱਚ ਪਾਕਿਸਤਾਨ ਨੂੰ ਕਾਲੀ ਸੂਚੀ ਵਿੱਚ ਪਾਏ ਬਿਨਾਂ ਕੋਈ ਠੋਸ ਕਾਰਵਾਈ ਸੰਭਵ ਹੁੰਦੀ ਦਿਖਾਈ ਨਹੀਂ ਦਿੰਦੀ।

# ਯੂ ਐਸ ਕੈਪੀਟਲ ਹਿੱਲ ਵਿੱਚ ਜਾ ਵੜੀ ਭੀੜ ਪੈਲੋਸੀ ਦਾ ਕਤਲ ਕਰਨਾ ਚਾਹੁੰਦੀ ਸੀ!

ਵਾਸ਼ਿੰਗਟਨ, 14 ਫਰਵਰੀ (ਪੋਸਟ ਬਿਊਰੋ)- ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਖ਼ਿਲਾਫ਼ ਦੂਸਰੀ ਵਾਰ ਮਹਾਦੋਸ਼ ਮਤਾ ਲਿਆਉਣ ਵਾਲੇ ਡੈਮੋਕ੍ਰੇਟਿਕ ਪਾਰਟੀ ਦੇ ਸੈਨੇਟਰਾਂ ਨੇ ਪਿਛਲੇ ਮਹੀਨੇ ਕੈਪੀਟਲ ਹਿੱਲ ਵਿੱਚ ਹੋਈ ਹਿੰਸਾ ਦੇ ਵੀਡਿਓਜ਼ ਦੇਖੇ। ਇਨ੍ਹਾਂ ਵੀਡਿਓਜ਼ 'ਚ ਦਿਖਾਇਆ ਗਿਆ ਹੈ ਕਿ ਸ਼ਰਾਰਤੀ ਅਨਸਰ ਪਾਰਲੀਮੈਂਟ ਵਿੱਚ ਮੌਜੂਦ ਸੈਨੇਟਰਾਂ ਦੇ ਕਿੰਨੇ ਨੇੜੇ ਪਹੁੰਚ ਗਏ ਸਨ। ਇਨ੍ਹਾਂ ਤਸਵੀਰਾਂ 'ਚ ਪੁਲਸ ਨੂੰ ਨੇਤਾਵਾਂ ਦੀ ਸੁਰੱਖਿਆ ਕਰਨ ਲਈ ਪ੍ਰੇਸ਼ਾਨ ਤੇ ਸ਼ਰਾਰਤੀ ਅਨਸਰਾਂ ਨੂੰ ਪਾਰਲੀਮੈਂਟ ਭਵਨ ਕੰਪਲੈਕਸ 'ਚ ਭੰਨ-ਤੋੜ ਕਰਦਿਆਂ ਦਿਖਾਇਆ ਗਿਆ ਹੈ।

ਇਸ ਬਾਰੇ ਅਮਰੀਕਾ ਦੀ ਡੈਮੋਕ੍ਰੇਟਿਕ ਪਾਰਟੀ ਦੇ ਨੇਤਾਵਾਂ ਦਾ ਕਹਿਣਾ ਹੈ ਕਿ ਯੂ ਐਸ ਕੈਪੀਟਲ ਕੰਪਲੈਕਸ ਤੋਂ ਪੁਲਸ ਨੇ 6 ਜਨਵਰੀ ਨੂੰ ਪ੍ਰਤੀਨਿਧੀ ਸਭਾ ਦੀ ਸਪੀਕਰ ਨੈਂਸੀ ਪੈਲੋਸੀ ਨੂੰ ਇਸ ਲਈ ਬਾਹਰ ਕੱਢਿਆ ਕਿ ਉਨ੍ਹਾਂ ਨੂੰ ਉਨ੍ਹਾਂ ਦੀ ਸੁਰੱਖਿਆ ਦੀ ਚਿੰਤਾ ਸੀ। ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਖ਼ਿਲਾਫ ਦੂਸਰੀ ਵਾਰ ਚਲਾਏ ਜਾ ਰਹੇ ਮਹਾਦੋਸ਼ ਦੀ ਸੁਣਵਾਈ ਦੌਰਾਨ ਵਕੀਲਾਂ ਨੇ ਇੱਕ ਆਡੀਓ ਟੇਪ ਚਲਾਈ, ਜਿਸ ਵਿੱਚ ਨੈਂਸੀ ਦੇ ਮੁਲਾਜ਼ਮ ਮਦਦ ਲੈਣ ਲਈ ਚੀਕਦੇ ਸੁਣਾਈ ਦੇ ਰਹੇ ਸਨ। ਉਨ੍ਹਾਂ ਨੇ ਅਜਿਹੀਆਂ ਤਸਵੀਰਾਂ ਵੀ ਦਿਖਾਈਆਂ ਜਿਨ੍ਹਾਂ ਵਿੱਚ ਭੀੜ ਪੈਲੋਸੀ ਦੇ ਦਫ਼ਤਰ ਦੇ ਦਰਵਾਜ਼ੇ ਤੋੜਨ ਦੀ ਕੋਸ਼ਿਸ਼ ਕਰਦੀ ਦਿੱਸ ਰਹੀ ਹੈ। ਪ੍ਰਤੀਨਿਧੀ ਸਭਾ ਦੇ ਮਹਾਦੋਸ਼ ਪ੍ਰਬੰਧਕ ਸਟੇਸੀ ਪਲਾਸਕੇਟ ਨੇ ਕਿਹਾ ਕਿ ਪੈਲੋਸੀ ਨੂੰ ਸੁਰੱਖਿਅਤ ਸਥਾਨ 'ਤੇ ਪਹੁੰਚਾਇਆ ਗਿਆ, ਨਹੀਂ ਤਾਂ ਕੁਝ ਦੰਗਾਕਾਰੀਆਂ ਨੇ ਜਨਤਕ ਤੌਰ 'ਤੇ ਉਨ੍ਹਾਂ ਦਾ ਕਤਲ ਕਰ ਦਿੱਤਾ ਹੁੰਦਾ।

## ਸ਼ੋਏਬ ਅਖ਼ਤਰ ਵੱਲੋਂ ਦੋਸ਼; ਪਾਕਿ ਕ੍ਰਿਕਟ ਬੋਰਡ ਨੇ ਮੇਰੇ ਬੱਚਿਆਂ ਨੂੰ ਡਰਾਇਆ ਸੀ

ਲਾਹੌਰ, 14 ਫਰਵਰੀ (ਪੋਸਟ ਬਿਊਰੋ)- ਪਾਕਿਸਤਾਨ ਦੇ ਸਾਬਕਾ ਤੇਜ਼ ਗੇਂਦਬਾਜ਼ ਸ਼ੋਏਬ ਅਖ਼ਤਰ ਨੇ ਪਾਕਿਸਤਾਨ ਦੇ ਕ੍ਰਿਕਟ ਬੋਰਡ ਵਿਰੁੱਧ ਭੜਾਸ ਕੱਢਦਿਆਂ ਕਿਹਾ ਹੈ ਕਿ ਬੋਰਡ ਨੇ ਮੇਰੇ ਬੱਚਿਆਂ ਨੂੰ ਏਨਾ ਡਰਾਇਆ ਸੀਕਿ ਉਨ੍ਹਾਂ ਨੇ ਤਿੰਨ ਦਿਨ ਮੇਰੇ ਨਾਲ ਗੱਲ ਨਹੀਂ ਕੀਤੀ। ਇਸਦੇ ਨਾਲ ਅਖਤਰ ਨੇ ਪਾਕਿਸਤਾਨ ਸੁਪਰ ਲੀਗ ਦੇ ਛੇਵੇਂ ਸੀਜ਼ਨ ਦੇ ਜਾਰੀ ਕੀਤੇ ਅਧਿਕਾਰਤ ਐਨਥਮ (ਪ੍ਰਾਰਥਨਾ ਗੀਤ) ਬਾਰੇ ਪੀ ਸੀ ਬੀ ਉੱਤੇ ਨਿਸ਼ਾਨਾ ਕਸਦਿਆਂ ਨਿਰਾਸ਼ਾ ਜ਼ਾਹਿਰ ਕੀਤੀ।

ਦਸਿਆ ਜਾ ਰਿਹਾ ਹੈ ਕਿ ਉਕਤ ਗੀਤ ਦਾ ਸਿਰਲੇਖ ‘ਆਜ ਦੇਖੇਗਾ ਕ੍ਰਾਊਡ ਮੇਰਾ ਗਰੂਵ ਟੀਵੀ ਪੇ' ਹੈ ਅਤੇ ਪੀ ਐਸ ਐਲ-6 ਦਾ ਇਹ ਗਾਣਾ ਸੋਸ਼ਲ ਮੀਡੀਆ 'ਤੇ ਕਾਫੀ ਟ੍ਰੋਲ ਕੀਤਾ ਜਾ ਰਿਹਾ ਹੈ। ਸ਼ੋਏਬ ਅਖ਼ਤਰ ਨੇ ਆਪਣੇ ਯੂ-ਟਿਊਬ ਚੈਨਲ ਅਤੇ ਟਵਿੱਟਰ 'ਤੇ ਕਿਹਾ ਕਿ ਤੁਸੀਂ ਇਸ ਤਰ੍ਹਾਂ ਪੀ ਐਸ ਐਲ ਬਾਂਡ ਨੂੰ ਕਿਵੇਂ ਅੱਗੇ ਲੈ ਕੇ ਜਾਓਗੇ, ਜਦਕਿ ਹਰ ਸਾਲ ਤੁਸੀਂ ਹੇਠਾਂ ਜਾ ਰਹੇ ਹੋ।ਪਾਕਿਸਤਾਨ ਕ੍ਰਿਕਟ ਬੋਰਡ ਨੇ ਕਿਹਾ ਹੈ ਕਿ ਪੀ ਐਸ ਐਲ ਦਾ ਛੇਵਾਂ ਸੀਜ਼ਨ 20 ਫਰਵਰੀ ਤੋਂ ਸ਼ੁਰੂ ਹੋ ਰਿਹਾ ਹੈ ਅਤੇ ਦਰਸ਼ਕਾਂ ਦੀ ਮਨਜ਼ੂਰੀ ਮਿਲਣ ਪਿੱਛੋਂ ਕਰਾਚੀ ਦੇ ਨੈਸ਼ਨਲ ਸਟੇਡੀਅਮ 'ਚ ਹੋਣ ਵਾਲੇ ਮੈਚ ਵੇਖਣ ਲਈ 7500 ਦਰਸ਼ਕ ਅਤੇ ਲਾਹੌਰ ਦੇ ਗ਼ੱਦਾਫ਼ੀ ਸਟੇਡੀਅਮ 'ਚ 5000 ਦਰਸ਼ਕ ਆ ਸਕਣਗੇ।

## ਰਸ਼ਮੀ ਸਾਮੰਤ ਆਕਸਫੋਰਡ ਯੂਨੀਵਰਸਿਟੀ ਵਿਦਿਆਰਥੀ ਯੂਨੀਅਨ ਦੀ ਚੇਅਰਪਰਸਨ ਚੁਣੀ ਗਈ



ਲੰਡਨ, 14 ਫਰਵਰੀ (ਪੋਸਟ ਬਿਊਰੋ)- ਬ੍ਰਿਟੇਨ ਦੀ ਵੱਡੇ ਵੱਕਾਰ ਵਾਲੀ ਆਕਸਫੋਰਡ ਯੂਨੀਵਰਸਿਟੀ ਦੀ ਵਿਦਿਆਰਥੀ ਯੂਨੀਅਨ ਦੀਆਂ ਚੋਣਾਂ ਵਿੱਚ ਭਾਰਤੀ ਵਿਦਿਆਰਥਣ ਰਸ਼ਮੀ ਸਾਮੰਤ ਜਿੱਤ ਕੇ ਯੂਨੀਵਰਸਿਟੀ ਵਿਦਿਆਰਥੀ ਯੂਨੀਅਨ ਦੀ ਭਾਰਤੀ ਮੂਲ ਦੀ ਪਹਿਲੀ ਚੇਅਰਪਰਸਨ ਬਣੀ ਹੈ। ਉਸ ਨੇ ਆਪਣੇ ਐਲਾਨ ਪੱਤਰ ਵਿੱਚ ਯੂਨੀਵਰਸਿਟੀ ਸਿਲੇਬਸ ਵਿੱਚ ਬਸਤੀਵਾਦੀ ਸੋਚ ਘੱਟ ਕਰਨ ਅਤੇ ਕਾਰਬਨ ਪੈਦਾ ਹੋਣਾ ਘਟਾਉਣ ਦਾ ਵਾਅਦਾ ਕੀਤਾ ਹੈ।

ਰਸ਼ਮੀ ਸਾਮੰਤ ਇਸ ਯੂਨੀਵਰਸਿਟੀ ਵਿਚਲੇ ਲਿਨਾਕਰੇ ਕਾਲਜ ਵਿੱਚ ਐਮ ਐਸ ਸੀ (ਐਨਰਜੀ ਸਿਸਟਮ) ਦੀ ਪੜ੍ਹਾਈ ਕਰ ਰਹੀ ਹੈ। ਵਿਦਿਆਰਥੀਯੂਨੀਅਨ ਦੀ ਚੋਣ ਵਿੱਚ ਉਸ ਨੂੰ ਭਾਰੀ ਵੋਟਾਂ ਨਾਲ ਜਿੱਤ ਹਾਸਲ ਹੋਈ ਹੈ। ਉਸ ਨੂੰ ਕੁੱਲ ਪਈਆਂ 3708 ਵੋਟਾਂ ਵਿੱਚੋਂ 1966 ਵੋਟ ਮਿਲੇ ਹਨ। ਪਹਿਲਾਂ ਉਹ ਕਰਨਾਟਕ ਦੇ ਮਣੀਪਾਲ ਇੰਸਟੀਚਿਊਟ ਆਫ ਟੈਕਨਾਲੋਜੀ ਦੀ ਵਿਦਿਆਰਥਣ ਰਹੀ ਹੈ। ਯੂਨੀਵਰਸਿਟੀ ਦੀ ਚੋਣ ਵਿੱਚ ਉਸ ਨੇ ਸਿਲੇਬਸ ਤੋਂ ਬਸਤੀਵਾਦੀ ਸੋਚ ਨੂੰ ਘੱਟ ਕਰਨ ਦਾ ਜੋ ਵਾਅਦਾ ਕੀਤਾ ਸੀ, ਉਸ ਨੂੰ ਬਹੁਤ ਪਸੰਦ ਕੀਤਾ ਗਿਆ ਹੈ। ਇਸ ਦੇ ਨਾਲ ਰਸ਼ਮੀ ਨੇ ਯੂਨੀਵਰਸਿਟੀ ਵਿੱਚ ਲੰਮੇ ਸਮੇਂ ਤੋਂ ਪੈਦਾ ਖ਼ਾਮੀਆਂ ਦੂਰ ਕਰਨ ਦਾ ਵੀ ਭਰੋਸਾ ਦਿੱਤਾ ਹੈ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

# CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

Call for Free Estimates
A-1 RENOVATION GTA INC
$1,000
Services:
- Complete Basement
- Tiles
- Bathrooms
- Plumbing
- Laminate
- Hardwood Floor
- Painting
416-456-1462
OVER 15 YEARS OF SERVICE
Professionals in Completing Basements within 3 Weeks
info@a1renovationgta.com
www.a1renovationgta.com
A-1 RENOVATION GTA INC.
22 Listcreek Road, Brampton L6p 2n6

You can Place Your Business Here
(905)793-2202
To Reach Wider Audience

PESTAGON Ltd
PEST CONTROL SERVICES
* RESIDENTIAL * COMMERCIAL
LICENCED BY GOVERNMENT
INSURED & BONDED
EVERY SERVICE
WITH WARRANTY
SERVING GTA
CALL: 905-463-2153
Ants, Wasp, Centepede, Fleas, Bed Bugs

HOMELIFE SILVERCITY
Realty Inc. Brokerage
Kulwinder Chhina
SALES REPRESENTATIVE
647.293.2327
www.Kulwinderchhina.com

jobs! jobs! jobs! jobs! jobs!

DUNDAS·JAFINE

# HELP WANTED

ਕਾਮਿਆਂ ਦੀ ਲੋੜ

ਜਨਰਲ ਲੇਬਰ ਦਾ ਕੰਮ ਉਪਲੱਬਧ ਹੈ

ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ। ਤਿੰਨੋਂ ਸ਼ਿਫਟਾਂ : Day ਅਤੇ Afternoon Available ਹਨ

ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ

ਅਪਲਾਈ ਕਰਨ ਲਈ ਆਪ ਪਹੁੰਚੋ:
110 Glidden Rd., Brampton

ਜਾਂ ਫੇਰ ਈ-ਮੇਲ ਕਰੋ:
jbrown@dundasjafine.com
kkaur@dundasjafine.com

NU WAY TOUR & TRAVELS INC.
ਸਸਤੀਆਂ ਹਵਾਈ ਟਿਕਟਾ ਅਤੇ ਭਰੋਸੇਯੋਗ ਸੇਵਾਵਾਂ ਲੈਣ ਲਈ ਨਿਊ-ਵੇ ਨੂੰ ਕਾਲ ਕਰੋ
AIR TICKETS | CRUISES | VACATIONS | TRAVEL INSURANCE
International & Domestic Air Tickets
- Cheapest Air Fares
- Price Match Guaranteed
- 24/7 Emergency Services
- Reliable & Excellent Customer Service
- 100% Customer Satisfaction
AIR CANADA, PIA, American Airlines, ETIHAD, KLM, Emirates, SWISS, BRITISH AIRWAYS, JET AIRWAYS
Travel Worry Free With Insurance
- Super Visa Insurance
- Visitor to Canada
- Trip Cancellation
- Trip Interruption
Manulife
Signature.ca
tico.ca IATA
Call Us For Guaranteed Lowest Airfare
ANY Airline Time Destination Around the World
WESTJET vacations
transat sunwing AIR CANADA VACATIONS
7015 Tranmere Dr. Unit- 8, Mississauga, ON L5S 1T7
Tel: 905 362 0937 | Fax: 1 855 897 0900
www.nuwaytravels.com
E-mail- info@nuwaytravels.com

## ਲੜਕੀ ਦੀ ਲੋੜ

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5"8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

ਜੱਟ ਸਿੱਖ ਗਰੇਵਾਲ ਲੜਕਾ, 1994, ਕੱਦ 6'2'', ਜੋ ਕਿ ਆਸਟ੍ਰੇਲੀਆ 'ਚ ਸਟੱਡੀ ਵੀਜ਼ੇ 'ਤੇ ਰਹਿ ਰਿਹਾ ਹੈ, ਲਈ ਕੈਨੇਡਾ ਤੋਂ ਲੜਕੀ ਦੀ ਲੋੜ ਹੈ। ਲੜਕੇ ਦੀ ਇਕ ਭੈਣ ਕੈਨੇਡਾ (ਟੋਰਾਂਟੋ) ਤੇ ਦੂਸਰੀ ਭੈਣ ਆਸਟ੍ਰੇਲੀਆ 'ਚ ਸੈਟਲਡ ਹੈ। ਲੜਕੇ ਦੇ ਮਾਤਾ ਜੀ ਸੁਪਰ ਵੀਜ਼ੇ 'ਤੇ ਕੈਨੇਡਾ ਆਏ ਹੋਏ ਹਨ। ਸੰਪਰਕ:-647-772-6650, ਵਟਸ ਐਪ ਨੰਬਰ:- 99156-62207

Match for Handsome Jat Sikh boy 40/5'10"(Issueless divorce), B.Tech, M.S (USA) Working in MNC as Senior Software Engineer in the USA. Family of Doctors and Engineers. Please respond with recent pics. Email match52020@gmail.com, Whats-app: +91-9815787350

ਕੈਨੇਡਾ ਵਿਚ ਵੈੱਲ ਸੈਟਲਡ, ਵਿੰਨੀਪੈਗ ਰਹਿ ਰਹੇ ਕੈਨੇਡਾ ਤੋਂ ਐਮਬੀਏ ਦੀ ਡਿਗਰੀ ਪ੍ਰਾਪਤ ਗੁਲਾਟੀ ਪਰਿਵਾਰ ਦੇ 29 ਸਾਲਾ ਲੜਕੇ, ਕੱਦ 6 ਫੁੱਟ 3 ਇੰਚ ਲਈ ਲੰਮੀਂ ਉੱਚੀ ਤੇ ਪੜ੍ਹੀ ਲਿਖੀ ਯੋਗ ਕੰਨਿਆ ਦੀ ਜ਼ਰੂਰਤ ਹੈ। ਤਰਨਤਾਰਨ ਵਿਚ ਪਰਿਵਾਰ ਦਾ ਜਿਊਲਰੀ ਦਾ ਕਾਰੋਬਾਰ ਹੈ। ਸੰਪਰਕ: 9815908662, 9815032106,416-817-4684.

ਜੱਟ ਸਿੱਖ ਧਨੋਆ ਲੜਕਾ, ਉਮਰ 27 ਸਾਲ ਕੱਦ 5'11'' ਮਿਕੈਨੀਕਲ ਇੰਜਨੀਅਰ ਅੰਮ੍ਰਿਤਧਾਰੀ ਵਿਜ਼ਿਟਰ ਵੀਜ਼ੇ ਉਤੇ ਆਏ, ਲਈ PR/Citizen/Studentਲੜਕੀ ਦੀ ਲੋੜ ਹੈ। ਲੜਕਾ ਆਪਣੇ ਮਾਮਾ-ਮਾਮੀ ਕੋਲ ਰਹਿ ਰਿਹਾ ਹੈ। ਤਲਾਕਸੁਦਾ ਉਤੇ ਵੀ ਗੌਰ ਕੀਤੀ ਜਾ ਸਕਦੀ ਹੈ। (Studentਦਾ ਖਰਚਾ ਵੀ ਕਰ ਸਕਦੇ ਹਾਂ) ਲੜਕੇ ਦਾ ਭਰਾ ਆਸਟ੍ਰੇਲੀਆ ਰਹਿ ਰਿਹਾ ਹੈ। ਸੰਪਰਕ: 416-708-4100

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5'10'', Dentist, MBAਆਸਟਰੇਲੀਆ ਵਿੱਚ ਵੱਰਕ ਪਰਮਿਟ ਤੇ ਰਹਿੰਦੇ ਲੜਕੇ ਲਈ ਵਧੀਆ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ :647-280-6503 I +91-98142-02918 (Whatsapp)

Seeking a suitable match for their son, never married, 43 years, 6' tall, fair, Ramdasia Gursikh, Amritdhari, Canadian citizen. Father class 1 retied officer and well settled family. Serious queries please respond on email sukhi_cancer@yahoo.com or call 416-721-5191 or 647-308-4411(contact after 5 pm)

Marriage
Matrimonial
ਰਿਸ਼ਤੇ ਹੀ ਰਿਸ਼ਤੇ
Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

## ਲੜਕੀ ਦੀ ਲੋੜ

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ 'ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

* ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5 ਫੁੱਟ 4 ਇੰਚ ਲਈ ਪਰਿਵਾਰਕ ਲੜਕੀ ਦੀ ਲੋੜ ਹੈ। ਲੜਕਾ ਪਿਛਲੇ 6 ਸਾਲਾਂ ਤੋਂ ਕੁਕਿੰਗ ਦਾ ਕੰਮ ਕਰਦਾ ਹੈ ਤੇ ਕੈਨੇਡਾ ਵਿਚ ਵਿਜ਼ਿਟਰ ਵੀਜ਼ੇ ਉਤੇ ਕੈਂਬਰਿਜ ਗੁਰਦੁਆਰਾ ਸਾਹਿਬ ਵਿਖੇ ਕੁੱਕ ਦੀ ਸੇਵਾ ਕਰਦਾ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰ਼ੋ:- 647-852-7532 ਅਤੇ 647-637-4035

* ਹਿੰਦੂ ਖਤਰੀ ਲੜਕਾ, ਕੱਦ 5'8'', ਉੱਮਰ 28 ਸਾਲ, ਰੰਗ ਸਾਫ, ਯੋਗਤਾ ਬੈਚਲਰ ਇਨ ਹੋਸਪੀਟੇਲਟੀ ਮਨੇਜਮੈਂਟ। ਓਬਰਾਏ, ਤਾਜ ਵਰਗੇ ਚੰਗੀ ਕੰਪਨੀਆਂ ਵਿਚ 8 ਸਾਲ ਕੰਮ ਦਾ ਤਜ਼ਰਬਾ ਅਤੇ ਇੰਡੀਆ ਵਿੱਚ ਚੰਗੀ ਜੋਬ ਕਰਦੇ ਲੜਕੇ ਲਈ ਕੈਨੇਡੀਅਨ ਪੀ ਆਰ ਜਾਂ ਵਰਕ ਪਰਮਟ ਹੋਲਡਰ ਲੜਕੀ ਦੀ ਲੋੜ ਹੈ। ਪੰਜਾਬ ਭਾਖੜਾ ਨੰਗਲ ਨਾਲ ਸੰਬੰਧ ਰੱਖਦੇ ਹਨ। ਵਧੇਰੀ ਜਾਣਕਾਰੀ ਲਈ ਕਾਲ ਜਾਂ ਵਟਸਐਪ ਕਰੋ:+91-94173-58712

* ਸੁੰਨਿਆਰਾ ਲੜਕਾ, ਉੱਮਰ 25 ਸਾਲ, ਕੱਦ 5'8'', ਕੈਨੇਡੀਅਨ ਸਿਟੀਜ਼ਨ, ਵੈਲ ਸੇਟਲਡ, ਆਪਣਾ ਕਾਰੋਬਾਰ ਲਈ ਕੈਨੇਡੀਅਨ/ਅਮਰੀਕਨ ਸਿਟੀਜਨ ਜਾਂ ਪੀ ਆਰ ਲੜਕੀ ਦੀ ਲੋੜ ਹੈ। ਸਟੂਡੈਂਟ ਜਾਂ ਵਰਕ ਪਰਮਟ ਹੋਲਡਰ ਵੀ ਸੰਪਰਕ ਕਰ ਸਕਦੇ ਹਨ। ਕਿਰਪਾ ਕਰਕੇ ਆਪਣੇ ਬਰਾਦਰੀ ਵਾਲੇ ਹੀ ਸੰਪਰਕ ਕਰਨ। ਕਾਲ : 647-739-3600 ।

* ਅਰੋੜਾ ਸਿਖ ਲੜਕਾ, ਉੱਮਰ 36 ਸਾਲ, ਕੱਦ 5'11',ਕੇਨੈਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰ ਰਹੇ ਲੜਕੇ ਲਈ ਘਰੇਲੂ ਅਤੇ ਪੀ ਆਰ/ ਵਰਕ ਪਰਮਿਟ ਲੜਕੀ ਦੀ ਲੋੜ ਹੈ। ਕਿਰਪਾ 30 ਤੇ ਵੱਧ ਉਮਰ ਦੀਆਂ ਲੜਕੀਆਂ ਹੀ ਸੰਪਰਕ ਕਰਨ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: 431-998-8022

* ਜੱਟ ਸਿੱਖ ਲੜਕਾ, ਉੱਮਰ 27 ਸਾਲ, ਕੱਦ 5'11'', ਕੈਨੇਡਾ ਵਿਚ ਪੀ ਆਰ ਹੈ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਓਹੀ ਸੰਪਰਕ ਕਰਨ ਜੋ ਲੜਕੇ ਦੇ ਦੁਬਈ ਰਹਿੰਦੇ ਭਰਾ ਦਾ ਕੈਨੇਡਾ ਰਿਸ਼ਤਾ ਕਰਵਾ ਸਕਣ। ਕਾਲ ਕਰੋ ਲੋਕਲ: (587)-936-0127 ਜਾਂ ਇੰਡੀਆ: +91-94179-16049

* ਜੱਟ ਸਿੱਖ ਲੜਕਾ, ਉੱਮਰ 28 ਸਾਲ, ਕੱਦ 5'7'', ਕੇਨੈਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੀ ਆਰ ਜਾਂ ਸਿਟੀਜਨ , ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਲੜਕੇ ਦਾ ਸਾਰਾ ਪਰਿਵਾਰ ਕੇਨੈਡਾ ਵਿੱਚ ਪੀ ਆਰ ਅਤੇ ਵਧੀਆ ਸੈਟਲਡ ਹੈ। ਪੰਜਾਬ ਤੋਂ ਮਾਝੇ ਜਿਲ੍ਹੇਂ ਨੂੰ ਪਹਿਲ ਦਿੱਤੀ ਜਾਵੇਗੀ। ਕਾਲ ਕਰੋ: 716-536-1939 ਜਾਂ ਵਟਸਐਪ ਕਰੋ: +91-98144-90449

## ਲੜਕੇ ਦੀ ਲੋੜ

Beautiful,well educated, 28 years old Punjabi Lubana girl, BSc software engineering from London England,project management from Canada,currently working with Suncor Company,PR IN CANADA. Looking for Sikh Sardar well educated Boy,cast no Bar,from Canada. Contact number 3238 470 404

**"Jat Sikh family seeking suitable match for their daughter 37 year 6 ft. tall, well versed with both cultures. Born & raised in Canada, did her medicine degree & residency (double in Emergency & Internal Medicine) in USA. A green card holder and willing to come to Canada as the opportune prevail. Please contact (519) 351-8043 or B200348@gmail.com"**

Seeking a suitable match for Canadian born punjabi tonk kshatriya girl, 36 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਜੱਟ ਸਿੱਖ ਢਿੱਲੋ ਲੜਕੀ, ਉਮਰ 31 ਸਾਲ, ਕੱਦ 5'-3'', ਪੜ੍ਹੀ-ਲਿਖੀ ਤੇ ਕੈਨੇਡਾ ਵਿੱਚ P.R ਲੜਕੀ ਲਈ ਪੜ੍ਹਿਆ-ਲਿਖੀਆ P.R ਜਾਂ Work Permit/Visitor Visa ਤੇ ਆਏ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 28 ਸਾਲ ਤੋ ਘੱਟ ਨਾ ਹੋਵੇ ਤੇ ਨਸ਼ਿਆ ਤੋਂ ਰਹਿਤ ਹੋਵੇ। ਮਾਲਵੇ ਨੂੰ ਪਹਿਲ। ਸੰਪਰਕ ਕਰੋ: +91 98881-21412 ਜਾਂ +91 97802-16716

ਰਸੂਖ਼ਦਾਰ ਪੰਜਾਬੀ ਖੱਤਰੀ ਪਰਿਵਾਰ ਦੀ ਖੂਬਸੂਰਤ ਤੇ ਚੰਗੀ ਪੜ੍ਹੀ ਲਿਖੀ ਲੜਕੀ ਲਈ ਵੈੱਲਸੈਟਲਡ ਤੇ ਯੋਗ ਵਰ ਦੀ ਭਾਲ ਹੈ। ਲੜਕੀ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਜੀਆਈਐਸ ਐਂਡ ਰਿਮੋਟ ਸੈਂਸਿੰਗ ਵਿੱਚ ਪੋਸਟ ਗ੍ਰੈਜੂਏਟ ਹੈ। ਲੜਕੀ ਦੀ ਉਮਰ 29 ਸਾਲ, ਕੱਦ 5 ਫੁੱਟ 1 ਇੰਚ ਹੈ। ਲੜਕੀ ਸੁਸ਼ੀਲ ਤੇ ਪਰਿਵਾਰਪੱਖੀ ਸੋਚ ਰੱਖਣ ਵਾਲੀ ਹੈ। ਲੜਕੀ ਭਾਰਤ ਦੀ ਨਾਗਰਿਕ ਹੈ ਤੇ ਇਸ ਸਮੇਂ ਭਾਰਤ ਵਿੱਚ ਹੀ ਹੈ। ਭਰਾ ਦਾ ਪਰਿਵਾਰ ਸਥਾਈ ਤੌਰ ਉੱਤੇ ਟੋਰਾਂਟੋ ਸੈਟਲਡ ਹੈ। ਇਸ ਸਮੇਂ ਪਿਤਾ ਟੋਰਾਂਟੋ ਵਿੱਚ ਹਨ। ਸੰਪਰਕ : 416-890-2725 (ਪਿਤਾ), 416-457-8631 (ਭਰਾ), email- mthapar21@gmail.com

## ਲੜਕੇ ਦੀ ਲੋੜ

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com

ਜੱਟ ਸਿੱਖ ਲੜਕੀ, 35 ਸਾਲ, ਕੱਦ 5'3'', ਵਿਜੀਟਰ ਵੀਜ਼ੇ ਤੇ ਆਈ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਪੀ ਆਰ ਲੜਕੇ ਦੀ ਲੋੜ ਹੈ। ਕਾਲ 647-456-1772

ਜੱਟ ਸਿੱਖ ਗਿਲ ਲੜਕੀ, ਜਨਮ 1991, ਕੱਦ 5'-4'', Btech Electrical, ਕੈਨੇਡੀਅਨ ਪੀ ਆਰ ਲਈ ਗੁਰਸਿੱਖ, ਪੜੇ ਲਿੱਖੇ ਅਤੇ ਸੈਟਲਡ ਲੜਕੇ ਦੀ ਲੋੜ ਹੈ। ਲੜਕੀ ਦਾ ਸਾਰਾ ਪਰਿਵਾਰ ਇੰਡੀਆ ਵਿੱਚ ਰਹਿੰਦਾ ਹੈ। ਇੰਡੀਆ ਰਹਿੰਦੇ ਲੜਕੇ ਵੀ ਸੰਪਰਕ ਕਰ ਸਕਦੇ ਹਨ। ਸੰਪਰਕ ਕਰੋ: +91-94640-34653

Check our Free E-paper at:
www.canadianpunjabipost.ca
905-793-2202
ਪੰਜਾਬੀ ਪੋਸਟ

Seeking a suitable match for Canadian born punjabi tonk kshatriya girl, 35 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਸਿੱਖ ਲੜਕੀ, ਉਮਰ 24 ਸਾਲ, ਕੱਦ 5 ਫੁਟ 3 ਇੰਚ, ਇੰਡੀਆ ਵਿਚ ਰਹਿੰਦੀ, ਯੋਗਤਾ ਐਮ.ਕਾਮ. ਤੇ ਕਾਲਜ ਵਿਚ ਲੈਕਚਰਾਰ ਦੀ ਨੌਕਰੀ ਕਰ ਰਹੀ ਹੈ। ਨੈਨੀ ਦਾ ਕੋਰਸ ਕੀਤਾ ਹੋਇਆ ਹੈ। ਰੰਗ ਸਾਫ਼, ਸੋਹਣੀ ਸੁਨੱਖੀ ਲੜਕੀ ਲਈ ਕੈਨੇਡੀਅਨ ਪੀ.ਆਰ. ਸਿੱਖ ਲੜਕੇ ਦੀ ਲੋੜ ਹੈ। ਜਾਤੀ ਬੰਧਨ ਨਹੀਂ। ਲੜਕੀ ਦੇ ਭੂਆ ਜੀ ਕੈਨੇਡਾ ਵਿਚ ਸੈਟਲਡ ਹਨ। ਸੰਪਰਕ: 905-749-1654

Check our Free E-paper at:
www.canadianpunjabipost.ca
905-793-2202
ਪੰਜਾਬੀ ਪੋਸਟ

UPPAL LAW
IMMIGRATION SERVICES
- Visitor Visa
- Super Visa
- Study,Work,Visitor Extension Visa
- Spousal Applications
- Family Sponsorship
- Permanent Residence Card Renewal
- Citizenship Application
- All Invitation Letters
OTHER PRACTICES
- Criminal Law
- Family Law
- Power of Attorney
- Change of Name
- Notarization
- Travel Consent
- Affidavit
- Landlord and Tenant Matters
AVTAR UPPAL Manager
AMAN UPPAL Barrister,Solicitor
Tel: 905-500-1507
351 Parkhurst Square, # 16,
Brampton,ON L6T 0C2, Fax: 905-672-7848
FREE Consultation
* PRIOR APPOINTMENT NECESSARY

ਫੌਨਾਂ ਦੇ ਸਸਤੇ ਪਲਾਨ ਗਾਂਰੰਟਿਡ
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓਂ
20 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

STARLANE PAINTING
Residential • Commercial • Industrial
• Hotel • Motel • Exterior
• Interior • Spray Painting
• Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com
ਹਰਜੀਤ ਧਨੋਆ

